# 48

# ਦੌਲਤ ਅਤੇ ਸ਼ਗਿਰਦੀ ਉੱਤੇ ਸਿੱਖਿਆ

## (19:16-30)

ਵਿਆਹ ਅਤੇ ਤਲਾਕ ਤੇ ਯਿਸੂ ਦੀ ਸਿੱਖਿਆ ਅਤੇ ਬੱਚਿਆਂ ਨੂੰ ਉਸ ਦੇ ਅਸ਼ੀਰਵਾਦ ਦੇਣ ਦੇ ਬਾਅਦ, ਯਿਸੂ ਦੀ ਸੇਵਕਾਈ ਦਾ ਵਿਸ਼ਾ ਇਕ ਚੇਲੇ ਦੀ ਜ਼ਿੰਦਗੀ ਵਿਚ ਦੌਲਤ ਦੀ ਭੂਮਿਕਾ ਵਿਚ ਬਦਲ ਜਾਂਦਾ ਹੈ (19: 16–30)। ਤਿੰਨਾਂ ਮਾਮਲਿਆਂ ਵਿਚ ਆਮ ਗੱਲ ਘਰੇਲੂ ਹੈ, ਕਿਉਂ ਜੋ ਵਿਆਹ, ਬੱਚੇ ਅਤੇ ਦੌਲਤ ਸਾਰਿਆਂ ਦਾ ਸਬੰਧ ਘਰ ਨਾਲ ਹੈ।

### ਅਮੀਰ ਜਵਾਨ ਹਾਕਿਮ ਦਾ ਸਵਾਲ (19:16-22)

**16ਤਾਂ ਵੇਖੋ ਇਕ ਜਣੇ ਨੇ ਉਹ ਦੇ ਕੋਲ ਆਣ ਕੇ ਕਿਹਾ, ਗੁਰੂ ਜੀ ਮੈਂ ਕਿਹੜਾ ਭਲਾ ਕੰਮ ਕਰਾ**
**ਜੋ ਮੈਨੂੰ ਸਦੀਪਕ ਜੀਉਣ ਮਿਲੇ? 17ਉਸ ਨੇ ਉਹ ਨੂੰ ਆਖਿਆ, ਤੂੰ ਭਲਿਆਈ ਦੇ ਵਿਖੇ ਮੈਨੂੰ ਕਿਉਂ**
**ਪੁੱਛਦਾ ਹੈਂ? ਭਲਾ ਤਾਂ ਇੱਕੋ ਹੀ ਹੈ। ਪਰ ਜੇ ਤੂੰ ਜੀਉਣ ਵਿਚ ਵੜਨਾ ਚਾਹੁੰਦਾ ਹੈਂ ਤਾਂ ਹੁਕਮਾਂ ਨੂੰ**
**ਮੰਨ। 18ਉਸ ਨੇ ਉਹ ਨੂੰ ਆਖਿਆ, ਕਿਹੜੇ ਹੁਕਮ? ਤਦ ਯਿਸੂ ਨੇ ਕਿਹਾ, ਇਹ ਜੋ ਖੂਨ ਨਾ ਕਰ,**
**ਜ਼ਨਾਹ ਨਾ ਕਰ, ਚੋਰੀ ਨਾ ਕਰ, ਝੂਠੀ ਗਵਾਹੀ ਨਾ ਦਿਹ। 19ਆਪਣੇ ਮਾਂ ਪਿਉ ਦਾ ਆਦਰ ਕਰ ਅਤੇ**
**ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ। 20ਉਸ ਜੁਆਨ ਨੇ ਉਹ ਨੂੰ ਆਖਿਆ, ਮੈਂ ਤਾਂ ਇਨ੍ਹਾਂ**
**ਸਭਨਾਂ ਨੂੰ ਮੰਨਿਆ ਹੈ। ਹੁਣ ਮੇਰੇ ਵਿਚ ਕੀ ਘਾਟਾ ਹੈ? 21ਯਿਸੂ ਨੇ ਉਹ ਨੂੰ ਕਿਹਾ, ਜੇ ਤੂੰ ਪੂਰਾ ਬਣਨਾ**
**ਚਾਹੁੰਦਾ ਹੈਂ ਤਾਂ ਜਾਕੇ ਆਪਣਾ ਮਾਲ ਵੇਚ ਅਤੇ ਕੰਗਾਲਾਂ ਨੂੰ ਦੇ ਦਿਹ ਤਾਂ ਤੈਨੂੰ ਸੁਰਗ ਵਿਚ ਖ਼ਜ਼ਾਨਾ**
**ਮਿਲੇਗਾ ਅਤੇ ਆ ਮੇਰੇ ਮਗਰ ਹੋ ਤੁਰ। 22ਪਰ ਉਸ ਜੁਆਨ ਨੇ ਜਾਂ ਇਹ ਗੱਲ ਸੁਣੀ ਤਾਂ ਉਦਾਸ ਹੋ**
**ਕੇ ਚੱਲਿਆ ਗਿਆ ਕਿਉਂ ਜੋ ਉਹ ਵੱਡਾ ਮਾਲਦਾਰ ਸੀ।**

**ਆਇਤ 16.** ਇੰਜੀਲ ਦੇ ਇਨਾਂ ਤਿੰਨਾਂ ਸਹਿਦਰਸ਼ੀ ਵਿਰਤਾਂਤਾਂ ਵਿਚ, ਇਸ ਕਹਾਣੀ ਦੇ ਬਾਅਦ ਯਿਸੂ ਦਾ ਬੱਚਿਆਂ ਨੂੰ ਅਸ਼ੀਰਵਾਦ ਦੇਣਾ ਆਉਂਦਾ ਹੈ (19: 16–22; ਮਰਕੁਸ 10: 17–22; ਲੂਕਾ 18: 18–23)। ਇਹ ਪੱਕਾ ਪਤਾ ਨਹੀਂ ਹੈ ਕਿ ਅਸ਼ੀਰਵਾਦ ਦੇਣ ਅਤੇ ਇੱਥੇ ਦੱਸੇ ਗਏ ਆਦਮੀ ਨਾਲ ਯਿਸੂ ਦੇ ਦ੍ਰਿਸ਼ ਵਿਚ ਕਿੰਨਾਂ ਸਮਾਂ ਲੱਗਾ। ਮਰਕੁਸ 10: 17 ਇਹ ਆਖਦਿਆਂ ਇਸ ਕਹਾਣੀ ਦੀ ਸ਼ੁਰੂਆਤ ਕਰਦਾ ਹੈ, ''ਜਦ *[ਯਿਸੂ]* ਉਹ ਬਾਹਰ ਨਿੱਕਲ ਕੇ ਰਾਹ ਵੱਲ ਚੱਲਿਆ ਜਾਂਦਾ ਸੀ ਇਕ ਜਣਾ ਉਹ ਦੇ ਕੋਲ ਦੌੜਿਆ ਆਇਆ ਅਤੇ ਉਹ ਦੇ ਅੱਗੇ ਗੋਡੇ ਨਿਵਾ'' ਦਿੱਤੇ। ਮੱਤੀ ਦਾ ਵਿਰਤਾਂਤ ਇਸ ਨਾਲੋਂ ਛੋਟਾ ਹੈ: **ਇਕ ਜਣੇ ਨੇ ਉਹ ਦੇ ਕੋਲ ਆਣ ਕੇ** ਇਸ ਕਹਾਣੀ ਵਾਲੇ ਆਦਮੀ ਨੂੰ ਰਵਾਇਤੀ ਤੌਰ ਤੇ ''ਅਮੀਰ ਜਵਾਨ ਹਾਕਿਮ'' ਆਖਿਆ ਜਾਂਦਾ ਹੈ। ਇਹ ਵਿਰਤਾਂਤ ਇੰਜੀਲ ਦੇ ਸਹਿਦਰਸ਼ੀ ਵਿਰਤਾਂਤਾਂ ਵਿਚ ਦਿੱਤੇ ਗਏ ਵੱਖੋ ਵੱਖ ਵੇਰਵਿਆਂ ਦਾ ਮੇਲ ਹੈ।

ਉਹ ਆਦਮੀ *ਅਮੀਰ* ਸੀ। ਮੱਤੀ ਅਤੇ ਮਰਕੁਸ ਦੋਵੇਂ ਸੰਕੇਤ ਦਿੰਦੇ ਹਨ ਕਿ ''ਉਹ ਵੱਡਾ ਮਾਲਦਾਰ ਸੀ'' (19:22; ਮਰਕੁਸ 10:22)। ਲੂਕਾ ਲਿਖਦਾ ਹੈ ਕਿ ਉਹ ''ਉਹ ਵੱਡਾ ਧਨਵਾਨ ਸੀ'' (ਲੂਕਾ 18:23)। ਉਸ ਨੂੰ ਐਨੀਂ ਦੌਲਤ ਕਿੱਥੋਂ ਮਿਲੀ ਇਹ ਪਤਾ ਨਹੀਂ ਹੈ; ਹੋ ਸਕਦਾ ਹੈ ਕਿ

ਉਸ ਨੂੰ ਇਹ ਵਿਰਾਸਤ ਵਿੱਚ ਮਿਲੀ ਹੋਵੇ। ਪਰ ਦੌਲਤ ਨੂੰ ਪਾਉਣ ਦੇ ਉਸ ਦੇ ਤਰੀਕੇ ਦੀ ਅਹਿਮੀਅਤ ਐਨੀ ਨਹੀਂ ਹੈ ਜਿੰਨੀ ਉਸ ਦੇ ਵਿਹਾਰ ਦੀ।

ਉਹ ਆਦਮੀ *ਜੁਆਨ* ਵੀ ਸੀ। ਮੱਤੀ ਵਿਚ ਉਸ ਨੂੰ ਦੋ ਵਾਰ ''ਜੁਆਨ'' (*neaniskos*) (19:20, 22) ਕਿਹਾ ਗਿਆ ਹੈ। ਹਿੱਪੋਕਰੇਟਸ ਨੂੰ ਦੁਹਰਾਉਂਦਿਆਂ ਯਹੂਦੀ ਦਾਰਸ਼ਨਿਕ ਫਿਲੋ ਦਾ ਕਹਿਣਾ ਹੈ ਕਿ ਇਹ ਸਮਾਂ 22 ਤੋਂ 28 ਸਾਲ ਦੀ ਉਮਰ ਦਾ ਹੈ। ਉਸ ਨੇ ਉਮਰ ਦੇ ਵਰਗਾਂ ਨੂੰ ਸੱਤ ਹਿੱਸਿਆਂ ਵਿਚ ਵੰਡਿਆ: ''ਉਹ ਆਪਣੇ ਸਰੀਰ ਦੇ ਵਾਧੇ ਦੇ ਪੂਰਾ ਹੋਣ ਤਕ ਜਵਾਨ ਹੈ, ਜੋ ਚੌਥੇ ਸੱਤ ਸਾਲਾਂ ਨਾਲ ਮੇਲ ਖਾਂਦਾ ਹੈ।''[1] ਪਾਈਥਾਗੋਰਸ ਨੂੰ ਦੁਹਰਾਉਂਦਿਆਂ ਯੂਨਾਨੀ ਜੀਵਨੀ ਲੇਖਕ ਡਾਇਯੋਜਿਨਸ ਰੇਰਟਿਉਸ ਨੇ ਕਿਹਾ ਸੀ ਕਿ ''ਜੁਆਨ'' (*neaniskos*) 20 ਅਤੇ 40 ਉਮਰ ਦਾ ਹੁੰਦਾ ਸੀ।[2] ਇਸ ਨੂੰ ਧਿਆਨ ਵਿਚ ਰੱਖਦਿਆਂ ਇਸ ਕਹਾਣੀ ਵਾਲਾ ਆਦਮੀ ਅਜੇ ਜਵਾਨ ਮਰਦ ਸੀ।

ਇਸ ਦੇ ਇਲਾਵਾ ਉਹ ਇਕ *ਹਾਕਿਮ* ਸੀ। ਸਿਰਫ਼ ਲੂਕਾ ਇਸ ਆਦਮੀ ਨੂੰ ''ਸਰਦਾਰ'' (*archon*) ਸ਼ਬਦ ਨਾਲ ਦੱਸਦਾ ਹੈ (ਲੂਕਾ 18:18)। ਉਹ ਕੋਈ ਸਥਾਨਕ ਸਿਆਸਤਦਾਨ ਜਾਂ ਸ਼ਾਇਦ ਇਲਾਕੇ ਦਾ ਹਾਕਿਮ ਹੋ ਸਕਦਾ ਹੈ। ਬਹੁਤੀ ਸੰਭਾਵਨਾ ਇਹੀ ਲੱਗਦੀ ਹੈ ਕਿ ਉਹ ਕਿਸੇ ਸਥਾਨਕ ਸਿਨਾਗੋਗ ਦਾ ਹਾਕਮ ਸੀ (9:18 ਤੇ ਟਿੱਪਣੀਆਂ ਵੇਖੋ)। ਉਸ ਦਾ ਰੁਤਬਾ ਜੋ ਵੀ ਸੀ, ਇਹ ਤਾਂ ਸਾਫ਼ ਹੈ ਕਿ ਉਸ ਨੇ ਇਸ ਨੂੰ ਰਿਸ਼ਵਤ ਜਾਂ ਹੇਰਾਫੇਰੀ ਨਾਲ ਨਹੀਂ ਪਾਇਆ ਸੀ। ਉਹ ਇਕ ਚੰਗਾ, ਸਦਾਚਾਰੀ ਆਦਮੀ ਸੀ ਜਿਹੜਾ ਖ਼ੁਦਾ ਦੇ ਹੁਕਮਾਂ ਨੂੰ ਮੰਨਦਾ ਸੀ (19:17–20)।

ਇਹ ਭਲਾ ਆਦਮੀ ਯਿਸੂ ਕੋਲ ਇਹ ਸਵਾਲ ਲੈ ਕੇ ਆਇਆ ਸੀ ਕਿ **''ਗੁਰੂ ਜੀ ਮੈਂ ਕਿਹੜਾ ਭਲਾ ਕੰਮ ਕਰਾਂ ਜੋ ਮੈਨੂੰ ਸਦੀਪਕ ਜੀਉਣ ਮਿਲੇ?''** ਯਿਸੂ ਕੋਲ ਆਉਣ ਵਾਲੇ ਕਈ ਲੋਕ ਉਸ ਨੂੰ ''ਗੁਰੂ'' ਆਖ ਕੇ ਬੁਲਾਉਂਦੇ ਸਨ (8:19 ਤੇ ਟਿੱਪਣੀਆਂ ਵੇਖੋ)। ਕੁਝ ਹੱਥਲਿਖਤਾਂ ਵਿਚ ''ਗੁਰੂ'' ਤੋਂ ਪਹਿਲਾਂ ਵਿਸ਼ੇਸ਼ਣ ਸ਼ਬਦ ''ਸਤ'' ਜੋੜਿਆ ਗਿਆ ਹੈ ਜੋ ਸ਼ਾਇਦ ਸਮਾਨਾਤੰਤਰ ਵਿਰਤਾਂਤਾਂ ਵਿੱਚੋਂ ਲਿਆ ਗਿਆ ਹੈ (ਵੇਖੋ ਮਰਕੁਸ 10:17; ਲੂਕਾ 18:18)।[3] ਮੱਤੀ ਉਸ ''ਕੰਮ'' ਦੀ ਵਿਆਖਿਆ ਲਈ ਜਿਸ ਨੂੰ ਉਹ ਆਦਮੀ ਪੁੱਛ ਰਿਹਾ ਸੀ, ਵਿਸ਼ੇਸ਼ਣ ਸ਼ਬਦ ''ਭਲਾ'' ਰੱਖ ਲੈਂਦਾ ਹੈ।

ਉਸ ਆਦਮੀ ਦੇ ਸਵਾਲ ਤੋਂ ਇਸ ਵਿਸ਼ਵਾਸ ਦਾ ਸੰਕੇਤ ਮਿਲ ਸਕਦਾ ਹੈ ਕਿ ਜੇ ਉਸ ਨੇ ਕੋਈ ''ਭਲਾ ਕੰਮ'' ਕੀਤਾ ਹੋਵੇ ਤਾਂ ਉਹ ਹਮੇਸ਼ਾ ਦੀ ਜ਼ਿੰਦਗੀ ਨੂੰ ਪਾ ਸਕਦਾ ਸੀ ਜਾਂ ਉਸ ਨੂੰ ਪਾਉਣ ਦਾ ਹੱਕਦਾਰ ਸੀ। ਜੇ. ਡਬਲਯੂ. ਮੈਕਗਰਵੇ ਨੇ ਇਸ ਵਿਚਾਰ ਦੀ ਹਮਾਇਤ ਕੀਤੀ ਹੈ: ''ਜ਼ਾਹਿਰ ਤੌਰ ਤੇ ਉਸ ਆਦਮੀ ਨੂੰ ਅਜਿਹਾ ਲੱਗਾ ਕਿ ਖੂਬੀ ਦੀ ਕੋਈ ਗੱਲ ਐਨੀ ਉੱਚੀ ਹੈ ਜਿਸ ਨੂੰ ਕਰਨ ਨਾਲ ਹਮੇਸ਼ਾ ਦੀ ਜ਼ਿੰਦਗੀ ਨੂੰ ਸੁਰੱਖਿਅਤ ਕੀਤਾ ਜਾ ਸਕਦਾ ਹੈ।''[4] ਉਸ ਦਾ ਸਿਰਫ਼ ਐਨਾ ਹੀ ਮੰਨਣਾ ਹੋ ਸਕਦਾ ਹੈ ਕਿ ਉਸ ਦੀ ਜ਼ਿੰਦਗੀ ਵਿਚ ਕੁਝ ਘਾਟ ਹੈ ਅਤੇ ਉਹ ਆਪਣੇ ਅਬਦੀ ਭਵਿੱਖ ਨੂੰ ਸੁਰੱਖਿਅਤ ਕਰਨਾ ਚਾਹੁੰਦਾ ਸੀ। ਉਸ ਦੇ ਸਵਾਲ ਪੁੱਛਣ ਦੇ ਮਗਰ ਇਰਾਦਾ ਜੋ ਵੀ ਹੋਵੇ ਪਰ ਉਹ ਆਦਮੀ ਰੂਹਾਨੀ ਮਾਮਲਿਆਂ ਵਿਚ ਦਿਲਚਸਪੀ ਰੱਖਦਾ ਸੀ ਅਤੇ ਨਹੀਂ ਚਾਹੁੰਦਾ ਸੀ ਕਿ ਉਹ ਹਮੇਸ਼ਾ ਦੇ ਇਨਾਮ ਤੋਂ ਵਾਂਝਿਆਂ ਰਹੇ।

ਨਵੇਂ ਨੇਮ ਵਿਚ ਹੋਰ ਥਾਂਵਾਂ ਤੇ ਵੀ ਅਜਿਹੇ ਸਵਾਲ ਮਿਲਦੇ ਹਨ। ਮਸੂਲ ਲੈਣ ਵਾਲਿਆਂ ਅਤੇ ਸਿਪਾਹੀਆਂ ਸਣੇ ਲੋਕਾਂ ਦੀ ਭੀੜ ਯੂਹੰਨਾ ਬਪਤਿਸਮਾ ਦੇਣ ਵਾਲੇ ਕੋਲ ਆ ਕੇ ਉਸ ਤੋਂ ਪੁੱਛਣ ਲੱਗੀ, ''ਗੁਰੂ ਜੀ ਅਸੀਂ ਕੀ ਕਰੀਏ?'' (ਲੂਕਾ 3:10, 12, 14)। ਪੈਂਟੀਕਾਸਟ ਵਾਲੇ ਦਿਨ ਇੰਜੀਲ ਦੇ ਪ੍ਰਚਾਰ ਤੇ ਵਿਸ਼ਵਾਸ ਕਰਨ ਵਾਲਿਆਂ ਨੇ ਪਤਰਸ ਅਤੇ ਹੋਰ ਰਸੂਲਾਂ ਤੋਂ ਪੁੱਛਿਆ ਸੀ, ''ਹੇ ਭਾਈਓ ਅਸੀਂ ਕੀ ਕਰੀਏ?'' (ਰਸੂਲਾਂ ਦੇ ਕੰਮ 2:37)। ਫ਼ਿਲਿੱਪੀ ਦਰੋਗੇ ਨੇ ਪੌਲੁਸ ਅਤੇ ਸਿਲਾਸ ਤੋਂ ਪੁੱਛਿਆ, ''ਹੇ ਮਹਾਪੁਰਖੋ ਮੈਂ ਕੀ ਕਰਾਂ ਜਿਸ ਤੋਂ ਬਚਾਇਆ ਜਾਂਵਾਂ'' (ਰਸੂਲਾਂ ਦੇ ਕੰਮ 16:30)।

ਟਾਲਮੁਡ ਵਿਚ ਏਲੀਏਜ਼ਰ ਦੇ ਚੇਲਿਆਂ ਨੇ ਕਿਹਾ, ''ਸਵਾਮੀ ਜੀ, ਸਾਨੂੰ ਜ਼ਿੰਦਗੀ ਦੇ ਰਾਹ ਸਮਝਾ

ਦੇ ਤਾਂ ਜੋ ਅਸੀਂ ਉਨ੍ਹਾਂ ਦੇ ਰਾਹੀਂ ਆਉਣ ਵਾਲੇ ਸੰਸਾਰ ਵਿਚਲੀ ਜ਼ਿੰਦਗੀ ਨੂੰ ਜਿਤ ਸਕੀਏ।''[5] ਇਸ ਆਇਤ ਵਿਚ ਅਸੀਂ ਪਹਿਲੀ ਵਾਰ ''ਸਦੀਪਕ ਜੀਉਣ'' ਦੀ ਗੱਲ ਨੂੰ ਵੇਖਦੇ ਹਾਂ (ਵੇਖੋ 19:29; 25:46)। ਬਾਅਦ ਵਿਚ, ਖ਼ਾਸ ਕਰਕੇ ਯੂਹੰਨਾ ਵਿਚ ਇਹ ਸ਼ਬਦ ਵਰਤਿਆ ਗਿਆ।

**ਆਇਤ 17.** ਕੁਝ ਹੱਥਲਿਖਤਾਂ ਵਿਚ ਕਿਹਾ ਗਿਆ ਹੈ, ''ਤੂੰ ਮੈਨੂੰ ਉੱਤਮ ਕਿਉਂ ਆਖਦਾ ਹੈਂ? ਕੋਈ ਉੱਤਮ ਨਹੀਂ ਨਿਰਾ ਇਕ ਭਾਵ ਪਰਮੇਸ਼ੁਰ'' (ਵੇਖੋ ਮਰਕੁਸ 10:18; ਲੂਕਾ 18:19)।[6] ਪਰ NASB ਮੂਲ ਲਿਖਤ ਨੂੰ ਸੰਭਾਲਿਆ ਗਿਆ ਹੈ: **''ਤੂੰ ਭਲਿਆਈ ਦੇ ਵਿਖੇ ਮੈਨੂੰ ਕਿਉਂ ਪੁੱਛਦਾ ਹੈਂ? ਭਲਾ ਤਾਂ ਇੱਕੋ ਹੀ ਹੈ। ਪਰ ਜੇ ਤੂੰ ਜੀਉਣ ਵਿਚ ਵੜਨਾ ਚਾਹੁੰਦਾ ਹੈਂ ਤਾਂ ਹੁਕਮਾਂ ਨੂੰ ਮੰਨ।''** ਯੂਨਾਨੀ ਭਾਸ਼ਾ ਵਿਚ ''ਮੈਨੂੰ'' ਪੜਨਾਓਂ ਉੱਤੇ ਜ਼ੋਰ ਦਿੱਤਾ ਗਿਆ ਹੈ। ਆਪਣੇ ਸਵਾਲ ਦੇ ਰਾਹੀਂ ਯਿਸੂ ਆਪਣੇ ਬਾਰੇ ਉਸ ਜਵਾਨ ਨੂੰ ਪਰਖ ਰਿਹਾ ਹੋਵੇਗਾ। ਉਹ ਜਵਾਨ ਪੜ੍ਹਿਆ ਲਿਖਿਆ ਯਹੂਦੀ ਸੀ ਅਤੇ ਯਕੀਨਨ ਹੀ ਉਸ ਨੂੰ ਪਤਾ ਸੀ ਕਿ ਸ਼ਰ੍ਹਾ ਕੀ ਆਖਦੀ ਹੈ। ਉਸ ਨੂੰ ਇਹ ਯਾਦ ਦੁਆਉਂਦਿਆਂ ਕਿ ਨਿਰਾ ਇਕ ਭਾਵ ਖ਼ੁਦ ਖ਼ੁਦਾ ਹੀ ਅਸਲ ਵਿਚ ''ਭਲਾ'' ਹੈ, ਯਿਸੂ ਉਸ ਜਵਾਨ ਹਾਕਮ ਨੂੰ ਭਲਿਆਈ ਦੇ ਦੇਣ ਵਾਲੇ ਵੱਲ ਧਿਆਨ ਦੁਆ ਰਿਹਾ ਸੀ।[7] ਸਾਡੇ ਭਲੇ ਖ਼ੁਦਾ ਨੇ ਆਪਣੇ ਵਚਨ ਵਿਚ ਪਰਗਟ ਕਰ ਦਿੱਤਾ ਹੈ ਕਿ ਕਿਸੇ ਲਈ ਜਿਹੜਾ ਸੁਰਗ ਵਿਚ ਵੜਨ ਦਾ ਚਾਹਵਾਨ ਹੋਵੇ, ਕੀ ਕਰਨਾ ਜ਼ਰੂਰੀ ਹੈ। ਜੋ ਕੁਝ ਉਸ ਨੇ ਕਿਹਾ ਸੀ ਉਸ ਨੂੰ ਸਪੱਸ਼ਟ ਕਰਨ ਲਈ ਯਿਸੂ ਨੇ ਜਵਾਨ ਨੂੰ ਆਖਿਆ, ''ਹੁਕਮਾਂ ਨੂੰ ਮੰਨ।''

**ਆਇਤਾਂ 18, 19.** ਹਾਕਮ ਨੇ ਪੁੱਛਿਆ, **''ਕਿਹੜੇ ਹੁਕਮ?''** ਉਹ ਇਸ ਗੱਲ ਦਾ ਸੰਕੇਤ ਨਹੀਂ ਦੇ ਰਿਹਾ ਸੀ ਕਿ ਕੁਝ ਹੁਕਮ ਨਜ਼ਰਅੰਦਾਜ਼ ਕੀਤੇ ਜਾਣੇ ਚਾਹੀਦੇ ਹਨ। ਉਹ ਤਾਂ ਇਹ ਮੰਨ ਰਿਹਾ ਸੀ ਕਿ ਕੁਝ ਹੁਕਮ ਦੂਜਿਆਂ ਨਾਲੋਂ ਵਧ ਕੇ ਹਨ (ਵੇਖੋ 23:23)।[8]

ਦਸਾਂ ਵਿੱਚੋਂ ਪੰਜ ਹੁਕਮਾਂ ਨਾਲ ਸਬੰਧਾਂ ਦੇ ਨਾਲ ਜੁੜੇ ਹੋਣ ਦੀ ਗੱਲ ਆਖ ਕੇ ਯਿਸੂ ਨੇ ਸਮਝਾਇਆ: **''ਖ਼ੂਨ ਨਾ ਕਰ, ਜ਼ਨਾਹ ਨਾ ਕਰ, ਚੋਰੀ ਨਾ ਕਰ, ਝੂਠੀ ਗਵਾਹੀ ਨਾ ਦਿਹ। ਆਪਣੇ ਮਾਂ ਪਿਉ ਦਾ ਆਦਰ ਕਰ ਅਤੇ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ''** (ਵੇਖੋ ਕੂਚ 20:12–16; ਵਿਵਸਥਾਸਾਰ 5:16–20)। ਯਿਸੂ ਨੇ ਦਸ ਹੁਕਮਾਂ ਵਿੱਚੋ ਦਿੱਤੇ ਮੁਤਾਬਿਕ ਦੇਣ ਦੀ ਥਾਂ ''ਆਪਣੇ ਮਾਂ ਪਿਓ ਦਾ ਆਦਰ ਕਰ'' ਦਾ ਸਕਾਰਾਤਮਕ ਹੁਕਮ ਨਕਾਰਾਤਮਕ ਹੁਕਮਾਂ ਦੇ ਬਾਅਦ ਦਿੱਤਾ। ਉਸ ਦਾ ਆਖ਼ਰੀ ਹੁਕਮ ਸੀ, **''ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ''** ਲੇਵੀਆਂ ਦੀ ਪੋਥੀ 19:18 ਤੋਂ ਲਿਆ ਗਿਆ ਸੀ ਅਤੇ ਯਿਸੂ ਨੇ ਇਸ ਦੀ ਵਰਤੋਂ ਸੰਖੇਪ ਕਥਨ ਦੇ ਰੂਪ ਵਿਚ ਕੀਤੀ। ਡੇਵਿਡ ਹਿੱਲ ਦਾ ਦਾਅਵਾ ਸੀ ਕਿ ਦਸ ਹੁਕਮਾਂ ਦੇ ਬਾਅਦ ਵਾਲੇ ਹਿੱਸੇ ਦੇ ਹਵਾਲੇ ਬੱਚਿਆਂ ਅਤੇ ਨਵੇਂ ਬਦਲਣ ਵਾਲੇ ਲੋਕਾਂ ਲਈ ਯਹੂਦੀ ਸਿੱਖਿਆ ਵਿਚ ਲੇਵੀਆਂ ਦੀ ਪੋਥੀ 19:18 ਨਾਲ ਮਿਲਾ ਦਿੱਤੇ ਗਏ (ਵੇਖੋ ਰੋਮੀਆਂ 13:9)।[9]

**ਆਇਤ 20.** ਹਾਕਮ ਨੇ ਦਾਅਵਾ ਕੀਤਾ, **''ਮੈਂ ਤਾਂ ਇਨ੍ਹਾਂ ਸਭਨਾਂ ਨੂੰ ਮੰਨਿਆ ਹੈ।''** ਕੁਝ ਹੱਥਲਿਖਤਾਂ ਵਿਚ ''ਆਪਣੇ ਬਾਲਕਪੁਣੇ'' ਜਾਂ ''ਬਾਲਕਪੁਣੇ ਤੋਂ'' (ਵੇਖੋ ਮਰਕੁਸ 10:20; ਲੂਕਾ 18:21)।[10] ਵਾਕਅੰਸ਼ ਜੋੜਿਆ ਗਿਆ ਹੈ। ਇਕ ਪੱਧਰ ਤੇ ਉਸ ਆਦਮੀ ਦੇ ਦਾਅਵੇ ਨੂੰ ਸਹੀ ਮੰਨਿਆ ਜਾ ਸਕਦਾ ਹੈ (ਵੇਖੋ ਫ਼ਿਲਿੱਪੀਆਂ 3:6); ਪਰ ਇਕ ਹੋਰ ਪੱਧਰ ਤੇ ਉਹ ਉਨ੍ਹਾਂ ਹੁਕਮਾਂ ਨੂੰ ਪਹਾੜੀ ਉਪਦੇਸ਼ ਦੀ ਪਰਿਭਾਸ਼ਾ ਦੇ ਮੁਤਾਬਿਕ ਨਹੀਂ ਮੰਨ ਸਕਦਾ ਹੋਵੇਗਾ।[11] ਬੇਸ਼ੱਕ ਸਾਨੂੰ ਆਪਣੇ ਵਿਹਾਰ ਲਈ ਇਸ ਜਵਾਨ ਦੀ ਤਾਰੀਫ਼ ਕਰਨੀ ਚਾਹੀਦੀ ਹੈ। ਭਾਵੇਂ ਉਸ ਦਾ ਮੰਨਣਾ ਸੀ ਕਿ ਉਹ ਇਨ੍ਹਾਂ ਹੁਕਮਾਂ ਨੂੰ ਪੂਰੀ ਤਰ੍ਹਾਂ ਨਾਲ ਮੰਨਦਾ ਹੈ ਪਰ ਫਿਰ ਵੀ ਉਸ ਵਿਚ ਕਿਸੇ ਗੱਲ ਦਾ **ਘਾਟਾ** ਕੀਤਾ ਸੀ।

**ਆਇਤ 21.** ਉਸ ਜਵਾਨ ਹਾਕਮ ਦੀ ਇਮਾਨਦਾਰੀ ਅਤੇ ਭਲਮਾਨਸੀ ਦੇ ਬਾਵਜੂਦ ਪ੍ਰਭੂ ਨੂੰ ਪਤਾ ਸੀ ਕਿ ਖ਼ੁਦਾ ਲਈ ਉਸ ਦੀ ਸੇਵਾ ਵਿਚ ਉਸ ਦਾ ਪੈਸਾ ਰੁਕਾਵਟ ਬਣ ਗਿਆ ਸੀ। ਯਿਸੂ ਦੇ ਮਨ ਵਿਚ ਉਸ ਆਦਮੀ ਲਈ ਪਿਆਰ ਸੀ (ਮਰਕੁਸ 10:21) ਜਿਸ ਕਾਰਣ ਉਸ ਨੇ ਉਸ ਨੂੰ ਜਵਾਬ

ਦਿੱਤਾ, **''ਜੇ ਤੂੰ ਪੂਰਾ ਬਣਨਾ ਚਾਹੁੰਦਾ ਹੈਂ ਤਾਂ ਜਾ ਕੇ ਆਪਣਾ ਮਾਲ ਵੇਚ ਅਤੇ ਕੰਗਾਲਾਂ ਨੂੰ ਦੇ ਦਿਹ ਤਾਂ ਤੈਨੂੰ ਸੁਰਗ ਵਿਚ ਖ਼ਜ਼ਾਨਾ ਮਿਲੇਗਾ ਅਤੇ ਆ ਮੇਰੇ ਮਗਰ ਹੋ ਤੁਰ।''**

ਭਲਾ ਯਿਸੂ ਦੇ ਮਗਰ ਚੱਲਣ ਦੀ ਚਾਹ ਰੱਖਣ ਵਾਲੇ ਹਰ ਸ਼ਖ਼ਸ ਲਈ ਆਪਣਾ ਮਾਲ ਵੇਚਣਾ ਜ਼ਰੂਰੀ ਹੈ? ਨਹੀਂ। ਜੇ ਇਸ ਆਦਮੀ ਨੇ ਯਿਸੂ ਅਤੇ ਉਸ ਦੇ ਚੇਲਿਆਂ ਦੇ ਮਗਰ ਫ਼ਲਿਸਤੀਨ ਦੇ ਪਿੰਡ ਪਿੰਡ ਅਤੇ ਸ਼ਹਿਰ ਸ਼ਹਿਰ ਉਨ੍ਹਾਂ ਦੇ ਨਾਲ ਜਾਣਾ ਸੀ, ਤਾਂ ਉਹਦੇ ਲਈ ਪੂਰਾ ਸਮਰਪਣ ਜ਼ਰੂਰੀ ਸੀ। ਯਿਸੂ ਨੇ (*teleios*) ਸ਼ਬਦ ਦੀ ਵਰਤੋਂ ਕੀਤੀ ਜਿਸ ਤੋਂ ਭਾਵ ਹੈ ''ਪੂਰਾ'' ਜਾਂ ''ਪਰਿਪੱਕ'' (1 ਕੁਰਿੰਥੀਆਂ 2:6; 14:20; ਅਫ਼ਸੀਆਂ 4:13; ਫ਼ਿਲਿੱਪੀਆਂ 3:15; ਕੁਲੁੱਸੀਆਂ 1:28; 4:12; ਇਬਰਾਨੀਆਂ 5:14)।[12] ਯਿਸੂ ਨੇ ਉਸ ਨੂੰ ਪੂਰਾ ਅਤੇ ਸਾਫ਼ ਜਵਾਬ ਦੇਣ ਲਈ ਆਖਿਆ। ਬੇਸ਼ੱਕ ਉਹ ਹਰ ਕਿਸੇ ਉੱਤੇ ਇਹ ਸ਼ਰਤ ਨਹੀਂ ਮੜ੍ਹ ਰਿਹਾ ਸੀ ਪਰ ਉਨ੍ਹਾਂ ਹਾਲਾਤ ਵਿਚ ਜਿਨ੍ਹਾਂ ਵਿਚ ਉਹ ਵਫ਼ਾਦਾਰ ਚੇਲੇ ਬਣਨ ਵਿਚ ਰੁਕਾਵਟ ਬਣ ਰਹੇ ਹੋਣ, ਆਪਣਾ ਮਾਲ ਵੇਚਣਾ ਜ਼ਰੂਰੀ ਹੋ ਸਕਦਾ ਹੈ।

ਉਸ ਆਦਮੀ ਲਈ ਆਪਣਾ ਮਾਲ ਵੇਚ ਕੇ ਉਸ ਤੋਂ ਮਿਲੇ ਪੈਸੇ ਕੰਗਾਲਾਂ ਨੂੰ ਦੇਣਾ ਹੀ ਕਾਫ਼ੀ ਨਹੀਂ ਸੀ (ਵੇਖੋ 1 ਕੁਰਿੰਥੀਆਂ 13:3)। ਉਹਦੇ ਲਈ ਯਿਸੂ ਦੇ ''ਮਗਰ'' ਹੋ ਤੁਰਨਾ ਜ਼ਰੂਰੀ ਸੀ ਜਿਸ ਨੇ ਆਖਿਆ, ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)। ''ਮੇਰੇ ਮਗਰ ਹੋ ਤੁਰ'' ਚੇਲਾ ਬਣਨ ਲਈ ਯਿਸੂ ਵੱਲੋਂ ਦਿੱਤੇ ਗਏ ਸੱਦੇ ਦੇ ਰੂਪ ਵਿਚ ਆਮ ਤੌਰ ਤੇ ਵਰਤਿਆ ਜਾਂਦਾ ਸੀ (ਵੇਖੋ 8:22; 10:38, 39; 16:24–26)। ਚਾਰ ਮਛੇਰਿਆਂ (4:19) ਅਤੇ ਮਸੂਲ ਲੈਣ ਵਾਲੇ ਮੱਤੀ (9:9) ਨੂੰ ਸੱਦਣ ਵੇਲੇ ਉਸ ਨੇ ਇਹੀ ਸ਼ਬਦ ਆਖੇ ਸਨ, ਅਤੇ ਉਨ੍ਹਾਂ ਨੇ ਉਹੀ ਕੀਤਾ ਸੀ ਜੋ ਯਿਸੂ ਨੇ ਇਸ ਜੁਆਨ ਹਾਕਮ ਨੂੰ ਕਰਨ ਲਈ ਆਖਿਆ ਸੀ।

**ਆਇਤ 22. . . . ਜੁਆਨ** . . . ਉਦਾਸ ਹੋ ਕੇ ਚਲਿਆ ਗਿਆ ਕਿਉਂ ਜੋ ਉਹ ਵੱਡਾ ਮਾਲਦਾਰ ਸੀ। ਇਹ ਬੰਦਾ ਯਿਸੂ ਵੱਲ ਅਨੰਦ ਨਾਲ ਦੌੜਿਆ ਆ ਰਿਹਾ ਸੀ (ਮਰਕੁਸ 10:17), ਪਰ ਪ੍ਰਭੂ ਵੱਲੋਂ ਉਸ ਨੂੰ ਇਹ ਦੱਸ ਦਿੱਤੇ ਜਾਣ ਤੇ ਕਿ ਉਸ ਨੂੰ ਆਪਣੀ ਦੌਲਤ ਛੱਡਣੀ ਪਵੇਗੀ, ਉਹ ਉਦਾਸ ਹੋ ਕੇ ਚਲਿਆ ਗਿਆ। ਲੂਕਾ ਲਿਖਦਾ ਹੈ ਕਿ ਉਹ ''ਬਹੁਤ ਉਦਾਸ ਹੋਇਆ ਕਿਉਂ ਜੋ ਉਹ ਵੱਡਾ ਧਨਵਾਨ ਸੀ'' (ਲੂਕਾ 18:23)। ਉਸ ''ਧਨ'' (*ktema*) ਵਿਚ ਜ਼ਮੀਨ, ਮਕਾਨ ਅਤੇ ਹੋਰ ਸਮਾਨ ਹੋਵੇਗਾ।[13] ਰਸੂਲਾਂ ਨੇ ਯਿਸੂ ਦੇ ਮਗਰ ਚੱਲਣ ਲਈ ਇਨ੍ਹਾਂ ਵਿੱਚੋਂ ਕੁਝ ਚੀਜ਼ਾਂ ਛੱਡੀਆਂ ਸਨ (19:29 ਤੇ ਟਿੱਪਣੀਆਂ ਵੇਖੋ)।[14]

ਇਸ ਆਦਮੀ ਦੇ ਕੇਸ ਵਿਚ ''ਸੁਰਗ ਦਾ ਖ਼ਜ਼ਾਨਾ'' ਪਾਉਣ ਲਈ ਸੰਸਾਰ ਦਾ ਖਜ਼ਾਨਾ ਛੱਡਣਾ ਜ਼ਰੂਰੀ ਸੀ। ਪਹਾੜੀ ਉਪਦੇਸ਼ ਵਿਚ ਯਿਸੂ ਨੇ ਆਖਿਆ ਸੀ, ''ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਵੀ ਹੋਵੇਗਾ'' (6:21), ਅਤੇ ''ਤੁਸੀਂ ਪਰਮੇਸ਼ੁਰ ਅਤੇ ਮਾਇਆ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ'' (6:24)। ਯਿਸੂ ਦੇ ਇਕ ਦ੍ਰਿਸ਼ਟਾਂਤ ਵਿਚ ਇਕ ਆਦਮੀ ਨੇ ਲੁਕੇ ਹੋਏ ਧਨ ਨੂੰ ਜੋ ਕਿ ਰਾਜ ਹੈ, ਪਾਉਣ ਲਈ ਆਪਣਾ ਸਭ ਕੁਝ ਖੁਸ਼ੀ ਨਾਲ ਵੇਚ ਦਿੱਤਾ ਸੀ (13:44)। ਯਿਸੂ ਨਾਲ ਜੁੜਨ ਦੀ ਥਾਂ ਇਸ ਅਮੀਰ ਜੁਆਨ ਹਾਕਮ ਨੇ ਆਪਣੀ ਦੁਨਿਆਵੀ ਦੌਲਤ ਨਾਲ ਜੁੜੇ ਰਹਿਣ ਨੂੰ ਚੁਣਿਆ। ਡਗਲਸ ਆਰ. ਏ. ਹੇਅਰ ਨੇ ਉਸ ਹਾਕਮ ਦੇ ਫੈਸਲੇ ਦਾ ਇਹ ਮੁਲਾਂਕਣ ਕੀਤਾ ਹੈ:

> ਉਸ ਨੂੰ ਆਪਣੀ ਆਮਦਨ ਦਾ ਬਹੁਤ ਵੱਡਾ ਹਿੱਸਾ ਕੰਗਾਲਾਂ ਨੂੰ ਦੁਆ ਕੇ ਸ਼ਰਮਿੰਦਾ ਕੀਤਾ ਜਾ ਸਕਦਾ ਹੋਵੇਗਾ। ਜਿਹੜੀ ਗੱਲ ਉਸ ਨੂੰ ਚੰਗੀ ਨਹੀਂ ਲੱਗੀ ਉਹ ਸਾਰੀ ਦੌਲਤ ਨੂੰ ਛੱਡਣਾ ਸੀ ਜਿਸ ਵਿਚ ਖ਼ਾਸ ਅਧਿਕਾਰ, ਰੁਤਬਾ ਅਤੇ ਮਾਲੀ ਤਾਕਤ ਵੀ ਸੀ। ਉਹ ਕਿਸੇ ਅਗਿਆਤ, ਭੈਭੀਤ ਕਰਨ ਵਾਲੇ ਸੰਸਾਰ ਲਈ ਜਿਸ ਵਿਚ ਯਿਸੂ ਉਸ ਨੂੰ ਸੱਦ ਰਿਹਾ ਸੀ, ਆਪਣੀਆਂ ਸਹੂਲਤਾਂ ਅਤੇ ਸੁਰੱਖਿਆ ਨਾਲ ਭਰੇ ਸੰਸਾਰ ਨੂੰ ਅਰਪਣ ਕਰਨ ਲਈ ਤਿਆਰ ਨਹੀਂ ਸੀ। ਉਸ

ਦੀ ਪਛਾਣ ਉਸ ਦੀ ਦੌਲਤ ਨਾਲ ਸੀ; ਬਿਨਾਂ ਉਸ ਦੇ ਉਸ ਨੂੰ ਕੋਈ ਨਵੀਂ ਪਛਾਣ ਨਜ਼ਰ ਨਹੀਂ ਆਈ। ਉਸ ਨੂੰ ਪਤਾ ਸੀ ਕਿ ਆਪਣੀ ਦੁਨੀਆਂ ਵਿਚ ਉਸ ਦੀ ਕਿੰਨੀ ''ਅਹਿਮੀਅਤ'' ਸੀ ਅਤੇ ਉਨ੍ਹਾਂ ਮਾਪਦੰਡਾਂ ਦੇ ਮੁਤਾਬਿਕ ਯਿਸੂ ਅਤੇ ਉਸ ਦੇ ਚੇਲਿਆਂ ਦਾ ''ਮੁੱਲ'' ਕੁਝ ਵੀ ਨਹੀਂ ਸੀ।[15]

## ਯਿਸੂ ਦਾ ਮੁਲਾਂਕਣ (19:23-26)

**[23]ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਮੈਂ ਤੁਹਾਨੂੰ ਸੱਚ ਆਖਦਾ ਹਾਂ ਜੋ ਧਨੀ ਦਾ ਸੁਰਗ ਦੇ ਰਾਜ ਵਿਚ ਵੜਨਾ ਔਖਾ ਹੈ। [24]ਫੇਰ ਮੈਂ ਤੁਹਾਨੂੰ ਆਖਦਾ ਹਾਂ ਜੋ ਸੂਈ ਦੇ ਨੱਕੇ ਦੇ ਵਿਚ ਦੀ ਊਠ ਦਾ ਲੰਘਣਾ ਏਸ ਨਾਲੋਂ ਸੁਖਾਲਾ ਹੈ ਜੇ ਧਨੀ ਮਨੁੱਖ ਪਰਮੇਸ਼ੁਰ ਦੇ ਰਾਜ ਵਿਚ ਵੜੇ। [25]ਅਤੇ ਚੇਲੇ ਇਹ ਸੁਣ ਕੇ ਵੱਡੇ ਹੈਰਾਨ ਹੋਏ ਅਤੇ ਬੋਲੇ, ਫੇਰ ਕਿਹ ਦੀ ਮੁਕਤੀ ਹੋ ਸਕਦੀ ਹੈ? [26]ਤਦ ਯਿਸੂ ਨੇ ਉਨ੍ਹਾਂ ਵੱਲ ਵੇਖ ਕੇ ਉਨ੍ਹਾਂ ਨੂੰ ਕਿਹਾ, ਇਹ ਮਨੁੱਖ ਤੋਂ ਅਣਹੋਣਾ ਹੈ ਪਰ ਪਰਮੇਸ਼ੁਰ ਤੋਂ ਸੱਭੋ ਕੁਝ ਹੋ ਸਕਦਾ ਹੈ।**

**ਆਇਤ 23.** ਉਸ ਜੁਆਨ ਦੇ ਚਲੇ ਜਾਣ ਦੇ ਬਾਅਦ **ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਮੈਂ ਤੁਹਾਨੂੰ ਸੱਚ ਆਖਦਾ ਹਾਂ ਜੋ ਧਨੀ ਦਾ ਸੁਰਗ ਦੇ ਰਾਜ ਵਿਚ ਵੜਨਾ ਔਖਾ ਹੈ।** ਲੂਕਾ 18:24 ਕਹਿੰਦਾ ਹੈ ਕਿ ਉਸ ਨੇ ਉਸ ਆਦਮੀ ਨੂੰ ''ਵੇਖ ਕੇ'' ਇਹ ਗੱਲ ਆਖੀ। ਜਦਕਿ ਮਰਕੁਸ 10:23 ਕਹਿੰਦਾ ਹੈ ਕਿ ਉਸ ਨੇ ''ਚੁਫੇਰੇ ਨਿਗਾਹ ਕਰਕੇ'' ਇਹ ਕਿਹਾ। ਯਿਸੂ ਦੇ ਆਪਣੇ ਚੇਲਿਆਂ ਵੱਲ ਮੁੜ ਕੇ ਉਨ੍ਹਾਂ ਨੂੰ ਇਹ ਗੱਲ ਕਹਿਣ ਵੇਲੇ ਹੋ ਸਕਦਾ ਹੈ ਕਿ ਉਹ ਉਸ ਆਦਮੀ ਨੂੰ ਜਾਂਦਿਆਂ ਵੇਖ ਰਿਹਾ ਹੋਵੇ।

''ਔਖਾ'' ਲਈ ਯੂਨਾਨੀ ਸ਼ਬਦ (*duskolos*) ਇੰਜੀਲ ਦੇ ਸਹਿਦਰਸ਼ੀ ਵਿਰਤਾਤਾਂ ਵਿਚ ਸਿਰਫ਼ ਇਸ ਸਿੱਖਿਆ ਵਿਚ ਮਿਲਦਾ ਹੈ (19:23; ਮਰਕੁਸ 10:23; ਲੂਕਾ 18:24)। *Duskolos* ਤੋਂ ਭਾਵ ਹੈ ''ਮੁਸ਼ਕਿਲ ਨਾਲ।'' ਮੱਤੀ 7:14 ਵਿਚ ਯਿਸੂ ਨੇ ਆਖਿਆ ਕਿ ''ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ।'' ਸੁਰਗ ਨੂੰ ਜਾਣ ਦਾ ਰਾਹ ਅਸਾਨ ਨਹੀਂ ਹੈ (7:13, 14 ਤੇ ਟਿੱਪਣੀਆਂ ਵੇਖੋ)।

ਮਰਕੁਸ ਦੀਆਂ ਕੁਝ ਪ੍ਰਾਚੀਨ ਹੱਥਲਿਖਤਾਂ ਵਿਚ ''ਧਨਵਾਨਾਂ'' ਲਈ ਯਿਸੂ ਦੀ ਗੱਲ ''ਜਿਹੜੇ ਦੌਲਤ ਰੱਖਦੇ ਹਨ'' ਦੇ ਵਾਧੂ ਵਾਕਅੰਸ਼ ਨਾਲ ਸਪੱਸ਼ਟ ਹੋ ਜਾਂਦੀ ਹੈ (ਮਰਕੁਸ 10:23, 24)।[16] ਜਿਹੜੇ ਖ਼ੁਦਾ ਉੱਤੇ ਭਰੋਸਾ ਰੱਖਣ ਦੀ ਥਾਂ ਦੌਲਤ ਉੱਤੇ ਭਰੋਸਾ ਰੱਖਦੇ ਹਨ ਉਨ੍ਹਾਂ ਲਈ ਅਖ਼ੀਰ ਵਿਚ ਖ਼ੁਦਾ ਦੇ ਰਾਜ ਵਿਚ ਵੜਨਾ ਮੁਸ਼ਕਿਲ ਹੋ ਜਾਵੇਗਾ। ਇਹ ਵਾਕ ਰਚਨਾ ਪ੍ਰਭੂ ਦੀ ਸਿੱਖਿਆ ਨੂੰ ਨਰਮ ਕਰਨ ਲਈ ਕਿਸੇ ਗ੍ਰੰਥੀ ਦੀ ਕੋਸ਼ਿਸ਼ ਹੋ ਸਕਦੀ ਹੈ।

**ਆਇਤ 24.** ਆਪਣੀ ਚਿਤਾਵਨੀ ਨੂੰ ਸਮਝਾਉਣ ਲਈ ਯਿਸੂ ਨੇ ਆਖਿਆ, **''ਸੂਈ ਦੇ ਨੱਕੇ ਦੇ ਵਿਚ ਦੀ ਊਠ ਦਾ ਲੰਘਣਾ ਏਸ ਨਾਲੋਂ ਸੁਖਾਲਾ ਹੈ ਜੋ ਧਨੀ ਮਨੁੱਖ ਪਰਮੇਸ਼ੁਰ ਦੇ ਰਾਜ ਵਿਚ ਵੜੇ।''** ਇਸ ਵਾਕ ਦਾ ਪਹਿਲਾ ਹਿੱਸਾ ਇਕ ਅਖਾਣ ਸੀ ਜੋ ਉਸ ਗੱਲ ਨੂੰ ਵਿਖਾਉਂਦਾ ਹੈ ਜਿਹੜੀ ਨਾਮੁਮਕਿਨ ਸੀ। ਊਠ ਫ਼ਲਿਸਤੀਨ ਵਿਚ ਸਭ ਤੋਂ ਵੱਡਾ ਜਾਨਵਰ ਸੀ। ਜਦਕਿ ਸੂਈ ਦਾ ਨੱਕਾ ਸਭ ਤੋਂ ਛੋਟੇ ਦਰਵਾਜ਼ੇ ਨੂੰ ਵਿਖਾਉਂਦਾ ਹੈ। ਬੇਬੀਲੋਨ ਵਿਚ ਹਾਥੀ ਸਭ ਤੋਂ ਵੱਡਾ ਜਾਨਵਰ ਸੀ ਜਿਸ ਕਰਕੇ ਉੱਥੇ ਇਹ ਕਹਾਵਤ ਥੋੜੀ ਫ਼ਰਕ ਸੀ। ਟਾਲਮੁਡ ਵਿਚ ਕਿਹਾ ਗਿਆ ਹੈ ਕਿ ''ਆਦਮੀ ਨੂੰ ਖਾਬ ਵਿਚ ਕਦੇ … ਹਾਥੀ ਨੂੰ ਸੂਈ ਦੇ ਨੱਕੇ ਵਿੱਚੋਂ ਦੀ ਲੰਘਦਿਆਂ ਨਹੀਂ ਵਿਖਾਇਆ ਜਾਂਦਾ।''[17] ਭਾਵ ਇਹ ਅਜਿਹੀ ਗੱਲ ਹੈ ਜਿਸ ਨੂੰ ਉਹ ਵੇਖਣ ਦੀ ਖ਼ਾਹਿਸ਼ ਨਹੀਂ ਕਰਦਾ ਜਾਂ ਅਜਿਹਾ ਹੋਣ ਦੀ ਕਲਪਨਾ ਨਹੀਂ ਕਰ ਸਕਦਾ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ''ਸ਼ਾਇਦ ਤੁਸੀਂ ਪੁੰਬੇਡਿੱਠਾ ਦੇ ਵਾਸੀ ਹੋ ਜਿੱਥੇ ਉਹ *ਹਾਥੀ ਨੂੰ ਸੂਈ ਦੇ ਨੱਕੇ ਵਿੱਚੋਂ ਦੀ* ਕੱਢ ਦਿੰਦੇ ਹਨ।[18] ਜਿਸ ਤੋਂ ਭਾਵ ਅਜਿਹੇ ਕੰਮ ਕਰਨਾ ਹੈ ਜਿਹੜਾ ਨਾਮੁਮਕਿੰਨ ਹੈ। ਬੇਸ਼ੱਕ ਉੱਥੇ ਰਹਿਣ ਵਾਲੇ ਵਿਦਵਾਨਾਂ ਨੂੰ ਸਭ ਤੋਂ ਮੱਕਾਰ ਮੰਨਿਆ ਜਾਂਦਾ ਸੀ।''

ਯਿਸੂ ਨੂੰ ਅਜਿਹੇ ਤੁਲਨਾਤਮਕ ਰੂਪਕ ਦੀ ਵਰਤੋਂ ਕਰਨਾ ਪਸੰਦ ਸੀ। ਉਸ ਨੇ ਕੱਖ ਅਤੇ ਸ਼ਤੀਰ (7:3, 4), ਰਾਈ ਦੇ ਦਾਣੇ ਅਤੇ ਵੱਡੇ ਹੋ ਚੁੱਕੇ ਰੁੱਖ (13:31, 32), ਰਾਈ ਦੇ ਦਾਣੇ ਅਤੇ ਪਹਾੜ (17:20), ਅਤੇ ਛਾਨਣੀ ਅਤੇ ਊਠ (23:24) ਦੀ ਵੀ ਗੱਲ ਕੀਤੀ। ਮਾਈਕਲ ਜੇ. ਵਿਲਕਿੰਸ ਨੇ ਯਿਸੂ ਦੇ ਰੂਪਕ ਵਿਚ ਕੁਝ ਹਾਸੇ ਦੀ ਗੱਲ ਵੇਖੀ: ''ਗੱਲ ਦੀ ਗੰਭੀਰਤਾ ਨੂੰ ਨਾ ਵੇਖੋ ਤਾਂ ਵਿਸ਼ਾਲ, ਕੁੱਬ, ਜਤ ਨਾਲ ਭਰੇ, ਫੁਫ਼ਕਾਰੇ ਮਾਰਦੇ, ਫੂਕਾਂ ਕੱਢਦੇ ਜਾਨਵਰ ਦੇ ਸਿਲਾਈ ਕਰਨ ਵਾਲੇ ਇਕ ਆਮ ਸੂਈ ਦੇ ਛੋਟੇ ਜਿਹੇ ਨੱਕੇ ਵਿੱਚੋਂ ਦੀ ਸੁੰਗੜਨ ਦੀ ਅਸੰਭਾਵਨਾ ਦੀ ਕਲਪਨਾ ਕਰਦਿਆਂ ਯਿਸੂ ਦੇ ਸੁਣਨ ਵਾਲੇ ਇਸ ਰੂਪਕ ਤੇ ਅੰਦਰ ਹੀ ਅੰਦਰ ਹੱਸਦੇ ਹੋਣਗੇ।''[19] ਵੈਦ ਲੂਕਾ ਨੇ ਭਾਵੇਂ (ਕੁਲੁੱਸੀਆਂ 4:14), ਅਪ੍ਰੇਸ਼ਨ ਕਰਨ ਵਾਲੀ ਸੂਈ ਦੇ ਯੂਨਾਨੀ ਸ਼ਬਦ (*belone;* ਲੂਕਾ 18:25),[20] ਪਰ ਮੱਤੀ ਨੇ ਸਿਲਾਈ ਦੀ ਆਮ ਸੂਈ ਲਈ (*rhaphis*) ਸ਼ਬਦ ਹੀ ਵਰਤਿਆ। ਯਿਸੂ ਨੇ ਸੂਈ ਦੇ ਛੋਟੇ ਨੱਕੇ ਤੇ ਜ਼ੋਰ ਦਿੱਤਾ ਨਾ ਕਿ ਸੂਈ ਦੇ ਕੰਮ ਕਰਨ ਤੇ।

ਯਿਸੂ ਦੀ ਗੱਲ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਪੁਰਾਣੇ ਟੀਕਾਕਾਰਾਂ ਨੇ ਸੂਈ ਦੇ ਨੱਕੇ ਦੀ ਵਿਆਖਿਆ ਯਰੂਸ਼ਲਮ ਦੇ ਭੀੜੇ ਫਾਟਕ ਵਿਚ ਕੀਤੀ ਹੈ ਜਿਸ ਵਿਚ ਊਠ ਭਾਰ ਲਾਹ ਕੇ ਬਿਨਾਂ ਝੁਕੇ ਨਹੀਂ ਜਾ ਸਕਦਾ ਸੀ। ਹੋਰਾਂ ਨੇ ਇਸ ਨੂੰ ਪਹਾੜ ਦੇ ਦੱਰੇ ਵਿੱਚੋਂ ਦੀ ਜਾਣ ਵਾਲਾ ਕੋਈ ਤੰਗ ਰਸਤਾ ਦੱਸਣ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿੱਚੋਂ ਦੀ ਜਾਣਾਂ ਊਠਾਂ ਲਈ ਬਿਲਕੁਲ ਮੁਸ਼ਕਿਲ ਸੀ।

ਅਜਿਹੇ ਵੀ ਟੀਕਾਕਾਰ ਹਨ ਜਿਨ੍ਹਾਂ ਨੇ ਬਾਅਦ ਦੀਆਂ ਹੱਥਲਿਖਤਾਂ ਦੀ ਵਰਤੋਂ ਕੀਤੀ ਜਿਸ ਵਿਚ ਊਠ *kamelos* ਜਿਹੜਾ ਭਾਰ ਚੁੱਕਣ ਵਾਲਾ ਜਾਨਵਰ ਹੈ ਦੀ ਥਾਂ, ਰੱਸੀ *kamilos* ਲਈ ਸ਼ਬਦ ਹੈ।[21] ਪਰ ਜੇ ਊਠ ਨੂੰ ਨਹੀਂ ਤਾਂ ਰੱਸੀ ਨੂੰ ਵੀ ਸੂਈ ਦੇ ਨੱਕੇ ਵਿੱਚੋਂ ਦੀ ਨਹੀਂ ਕੱਢਿਆ ਜਾ ਸਕਦਾ। ਸੋ ਦੋਵੇਂ ਗੱਲਾਂ ਮੁਸ਼ਕਿਲ ਹਨ।

ਯਿਸੂ ਨੇ ਉਸ ਅਸਲ ਅਸੰਭਾਵਨਾ ਦੀ ਗੱਲ ਕੀਤੀ ਹੈ ਕਿ ਜਿਹੜੇ ਲੋਕ ਬਹੁਤ ਦੌਲਤ ਨਾਲ ਪਿਆਰ ਕਰਦੇ ਹਨ, ਉਹ ਸੁਰਗ ਵਿਚ ਨਹੀਂ ਜਾ ਸਕਦੇ। ਧਨਵਾਨ ਜ਼ਾਹਿਰ ਤੌਰ ਤੇ ਅਜਿਹਾ ਆਦਮੀ ਸੀ ਜਿਸ ਨੂੰ ਆਪਣੀ ਦੌਲਤ ਤੇ ਹੀ ਭਰੋਸਾ ਸੀ ਅਤੇ ਉਸ ਨੂੰ ਸਭ ਕੁਝ ਉਸੇ ਵਿਚ ਮਿਲਿਆ ਸੀ। ਜਿਹੜਾ ਆਦਮੀ ਆਪਣੀ ਦੁਨਿਆਵੀ ਦੌਲਤ ਲਈ ਜੀਉਂਦਾ ਅਤੇ ਉਸ ਉੱਤੇ ਭਰੋਸਾ ਰੱਖਦਾ ਹੈ ਉਸ ਨੂੰ ਹਮੇਸ਼ਾ ਦੀ ਜ਼ਿੰਦਗੀ ਦੀਆਂ ਗੱਲਾਂ ਅਤੇ ਸ਼ਰਤਾਂ ਨੂੰ ਪੂਰਾ ਕਰਨਾ ਨਾਮੁਮਕਿਨ ਲੱਗੇਗਾ।[22]

ਪੌਲੁਸ ਦੇ ਸ਼ਬਦਾਂ ਦੇ ਅਨੁਸਾਰ ''ਸਰੀਰ ਦੇ ਅਨੁਸਾਰ ਨਾ ਤਾਂ ਬਾਹਲੇ ਬੁੱਧਵਾਨ, ਨਾ ਬਾਹਲੇ ਬਲਵਾਨ, ਨਾ ਬਾਹਲੇ ਕੁਲੀਨ'' ਇਸ ਬੁਲਾਹਟ ਨੂੰ ਕਬੂਲ ਕਰਨਗੇ (1 ਕੁਰਿੰਥੀਆਂ 1:26)। ਯਿਸੂ ਪ੍ਰਤੀ ਧਨਵਾਨਾਂ ਦੇ ਵਰਗ ਦੀ ਪ੍ਰਤੀਕਿਰਿਆ ਦੇ ਉਲਟ ''ਆਮ ਲੋਕ ਖੁਸ਼ੀ ਨਾਲ ਉਸ ਦੀ ਸੁਣਦੇ ਸਨ'' (ਮਰਕੁਸ 12:37; NKJV)।

**ਆਇਤ 25. ਚੇਲੇ** ਯਿਸੂ ਦੀ ਗੱਲ ਦਾ ਅਸਲ ਝੱਟ ਸਮਝ ਗਏ ਅਤੇ ਉਹ **ਵੱਡੇ ਹੈਰਾਨ ਹੋਏ।** ਯਹੂਦੀ ਲੋਕ ਦੌਲਤ ਨੂੰ ਖ਼ੁਦਾ ਦੇ ਰਹਿਮ ਦੇ ਨਿਸ਼ਾਨ ਦੇ ਤੌਰ ਤੇ ਮੰਨਦੇ ਸਨ (ਜ਼ਬੂਰਾਂ ਦੀ ਪੋਥੀ 112:1–3)।[23] ਇਸ ਵਿਚਾਰ ਤੇ ਕਿ ਅਮੀਰਾਂ ਨੂੰ ਰਾਜ ਵਿੱਚੋਂ ਕੱਢ ਦਿੱਤਾ ਜਾਵੇਗਾ, ਚੇਲੇ ਦੰਗ ਰਹਿ ਗਏ। ਜਿਸ ਕਰਕੇ ਉਨ੍ਹਾਂ ਪੁੱਛਿਆ, **''ਫੇਰ ਕਿਹ ਦੀ ਮੁਕਤੀ ਹੋ ਸਕਦੀ ਹੈ?''** ਦੂਜੇ ਸ਼ਬਦਾਂ ਵਿਚ ''ਜੇ ਉਹ ਲੋਕ ਜੋ ਲਗਦਾ ਹੈ ਕਿ ਖ਼ੁਦਾ ਵੱਲੋਂ ਸਭ ਤੋਂ ਵੱਧ ਬਰਕਤ ਪਾਏ ਹੋਏ ਹਨ, ਬਚਾਏ ਨਹੀਂ ਜਾ ਸਕਦੇ, ਤਾਂ ਫੇਰ ਕੌਣ ਬਚਾਇਆ ਜਾ ਸਕਦਾ ਹੈ?'' ਚੇਲਿਆਂ ਦੇ ਧਿਆਨ ਵਿਚ ਦੂਰ ਜਾ ਚੁੱਕਿਆ ਅਮੀਰ ਹਾਕਮ ਵੀ ਹੋਵੇਗਾ। ਉਹ ਇਕ ''ਅਦਰਸ਼ ਨਾਗਰਿਕ ਭਾਵ ਭਲਾ ਮਾਨਸ, ਕਾਨੂੰਨ ਦਾ ਪਾਲਣ ਕਰਨ ਵਾਲਾ, ਰਹਿਮ ਦਿਲ ਅਤੇ ਧਾਰਮਿਕ ਬੰਦਾ'' ਸੀ। [24]ਉਹ ਪੁੱਛ ਰਹੇ ਸਨ, ''ਕਿ ਅਜਿਹਾ ਸ਼ਖ਼ਸ ਖ਼ੁਦਾ ਨੂੰ ਮੰਜ਼ੂਰ ਨਹੀਂ ਹੈ ਤਾਂ ਸਾਡੇ ਲਈ ਉਮੀਦ ਕਿੱਥੇ।''[25]

**ਆਇਤ 26. ਯਿਸੂ** ਭਾਵੇਂ ਇਕ ਅਮੀਰ ਆਦਮੀ ਦੇ ਸੁਰਗ ਵਿਚ ਜਾਣ ਦੀ ਅਸੰਭਾਵਨਾ ਤੇ

ਜ਼ੋਰ ਦੇਣਾ ਚਾਹੁੰਦਾ ਸੀ ਪਰ ਉਸ ਨੇ ਇਹ ਆਖ ਕੇ ਕਿ ਜੋ ਕੁਝ **ਮਨੁੱਖ** ਲਈ ਨਾਮੁਮਕਿਨ ਹੈ ਉਹ **ਪਰਮੇਸ਼ੁਰ** ਤੋਂ ਹੋ ਸਕਦਾ ਹੈ, ਸਮੀਕਰਣ ਵਿੱਚੋਂ **ਅਣਹੋਣਾ** ਸ਼ਬਦ ਨੂੰ ਕੱਢ ਹੀ ਦਿੱਤਾ। ਖ਼ੁਦਾ ਜਦ ਕਿਸੇ ਗੱਲ ਨੂੰ ਕਰਨਾ ਚਾਹੇ ਤਾਂ ਕੋਈ ਵੀ ਗੱਲ ਉਹਦੀ ਸ਼ਕਤੀ ਤੋਂ ਬਾਹਰ ਨਹੀਂ ਹੈ।[26]

## ਰਸੂਲਾਂ ਦੀਆਂ ਕੁਰਬਾਨੀਆਂ (19:27-30)

**[27]ਤਦ ਪਤਰਸ ਨੇ ਉਹ ਨੂੰ ਉੱਤਰ ਦਿੱਤਾ, ਵੇਖ ਅਸੀਂ ਸੱਭੋ ਕੁਝ ਛੱਡ ਕੇ ਤੇਰੇ ਮਗਰ ਹੋ ਤੁਰੇ ਹਾਂ, ਫੇਰ ਸਾਨੂੰ ਕੀ ਲੱਭੂ? [28]ਯਿਸੂ ਨੇ ਉਨ੍ਹਾਂ ਨੂੰ ਕਿਹਾ, ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਜਦ ਮਨੁੱਖ ਦਾ ਪੁੱਤਰ ਨਵੀਂ ਸਰਿਸ਼ਟ ਵਿਚ ਆਪਣੇ ਤੇਜ ਦੇ ਸਿੰਘਾਸਣ ਉੱਤੇ ਬੈਠੇਗਾ ਤਦ ਤੁਸੀਂ ਵੀ ਜੋ ਮੇਰੇ ਮਗਰ ਹੋ ਤੁਰੇ ਹੋ ਬਾਰਾਂ ਸਿੰਘਾਸਣਾਂ ਉੱਤੇ ਬੈਠੋਗੇ ਅਤੇ ਇਸਰਾਏਲ ਦੀਆਂ ਬਾਰਾਂ ਗੋਤਾਂ ਦਾ ਨਿਆਉਂ ਕਰੋਗੇ। [29]ਅਤੇ ਹਰ ਕੋਈ ਜਿਹ ਨੇ ਘਰਾਂ ਯਾ ਭਾਈਆਂ ਯਾ ਭੈਣਾਂ ਯਾ ਪਿਉ ਯਾ ਮਾਂ ਯਾ ਬਾਲ ਬੱਚਿਆਂ ਯਾ ਜ਼ਮੀਨ ਨੂੰ ਮੇਰੇ ਨਾਮ ਦੇ ਕਾਰਣ ਛੱਡਿਆ ਹੈ ਉਹ ਸੌ ਗੁਣਾ ਪਾਵੇਗਾ ਅਤੇ ਸਦੀਪਕ ਜੀਉਣ ਦਾ ਵਾਰਸ ਹੋਵੇਗਾ। [30]ਪਰ ਬਥੇਰੇ ਪਹਿਲੇ ਪਿਛਲੇ ਹੋਣਗੇ ਅਤੇ ਪਿਛਲੇ, ਪਹਿਲੇ।**

**ਆਇਤ 27. ਪਤਰਸ** ਨੇ ਇਕ ਵਾਰ ਫੇਰ ਚੇਲਿਆਂ ਦੇ ਬੁਲਾਰੇ ਵਾਲਾ ਕੰਮ ਕੀਤਾ (15:15; 16:16; 17:4)। ਉਸ ਨੇ ਯਿਸੂ ਤੋਂ ਪੁੱਛਿਆ, **''ਵੇਖ ਅਸੀਂ ਸੱਭੋ ਕੁਝ ਛੱਡ ਕੇ ਤੇਰੇ ਮਰਗ ਹੋ ਤੁਰੇ ਹਾਂ, ਫੇਰ ਸਾਨੂੰ ਕੀ ਲੱਭੂ?''** ਬਿਨਾਂ ਝਿਜਕ ਦੇ ਯਿਸੂ ਨੇ ਉਸ ਦੇ ਸਵਾਲ ਦਾ ਜਵਾਬ ਦਿੱਤਾ। ਇਨ੍ਹਾਂ ਲੋਕਾਂ ਨੇ ਯਿਸੂ ਦੇ ਮਗਰ ਚੱਲਣ ਲਈ ਸਚਮੁਚ ਸਭ ਕੁਝ ਛੱਡ ਦਿੱਤਾ ਸੀ। ਡਬਲਯੂ. ਐਫ਼. ਅਲਬਰਾਈਟ ਅਤੇ ਸੀ. ਐਸ. ਮਨ ਨੇ ਸੁਝਾਅ ਦਿੱਤਾ ਹੈ ਕਿ ਪਤਰਸ ਦੇ ਸਵਾਲ ਵਿਚ ਫੇਰ ਉਸ ਜਵਾਨ ਦੀ ਗੱਲ ਸੀ। ਪਤਰਸ ਆਖ ਰਿਹਾ ਸੀ, ''ਅਸੀਂ ਉਹ ਸਭ ਕੁਝ ਕੀਤਾ ਹੈ ਜਿਹਨੂੰ ਉਹ ਜੁਆਨ ਕਰਨ ਲਈ ਤਿਆਰ ਨਹੀਂ ਸੀ। ਫਿਰ ਸਾਨੂੰ ਇਸ ਦਾ ਕੀ ਇਨਾਮ ਮਿਲੇਗਾ?''[27]

**ਆਇਤ 28. ਯਿਸੂ ਨੇ** ਆਪਣੇ ਚੇਲਿਆਂ ਨੂੰ ਯਕੀਨ ਦੁਆਇਆ ਕਿ ਰਾਜ ਦੀ ਖਾਤਿਰ ਉਨ੍ਹਾਂ ਦੀਆਂ ਨਿੱਜੀ ਕੁਰਬਾਨੀਆਂ ਬੇਕਾਰ ਨਹੀਂ ਜਾਣਗੀਆਂ। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ **''ਬਾਰਾਂ ਸਿੰਘਾਸਣਾਂ ਉੱਤੇ** ਬੈਠ ਕੇ **ਅਤੇ ਇਸਰਾਏਲ ਦੀਆਂ ਬਾਰਾਂ ਗੋਤਾਂ ਦਾ ਨਿਆਂ ਕਰਨਗੇ।''** ਇਹ ਉਦੋਂ ਹੋਵੇਗਾ ਜਦ ਮਨੁੱਖ ਦਾ ਪੁੱਤਰ ਨਵੀਂ ਸਰਿਸ਼ਟ ਵਿਚ ਆਪਣੇ ਤੇਜ਼ ਦੇ ਸਿੰਘਾਸਣ ਉੱਤੇ ਬੈਠੇਗਾ। ''ਬਾਰਾਂ ਸਿੰਘਾਸਣਾਂ'' ਦਾ ਅਰਥ ਸ਼ਬਦੀ ਹੈ ਜਾਂ ਪ੍ਰਤੀਕ ਰੂਪ ਵਿਚ? ''ਨਿਆਉਂ'' ਕਰਨ ਦੀ ਗੱਲ ਰਸੂਲਾਂ ਦੀ ਸਿੱਖਿਆ ਦੇ ਰਾਹੀਂ ਨਿਆਂ ਕਰਨਾ ਹੈ ਜਾਂ ਸਚਮੁਚ ਵਿਚ ਫੈਸਲਾ ਦੇਣਾ? ''ਇਸਰਾਏਲ ਦੀਆਂ ਬਾਰਾਂ ਗੋਤਾਂ'' ਕਿਸ ਨੂੰ ਆਖਿਆ ਗਿਆ ਹੈ। ਇਹ ਵਾਕਅੰਸ਼ ਧਰਤੀ ਤੇ ਕਲੀਸੀਆ ਦਾ ਸੰਕੇਤ ਹੈ ਜਾਂ ਸੁਰਗੀ ਇਲਾਕੇ ਦੇ ਸੰਤ ਇਸ ਵਿਚ ਸ਼ਾਮਿਲ ਹਨ? ''ਸਰਿਸ਼ਟ'' ਤੋਂ ਕੀ ਭਾਵ ਹੈ? ਇਹ ਧਰਤੀ ਉੱਤੇ ਮਸੀਹੀ ਯੁੱਗ ਨੂੰ ਆਖਿਆ ਗਿਆ ਹੈ ਜਾਂ ਭਵਿੱਖ ਦੀ ਸੁਰਗੀ ਸਥਿਤੀ ਨੂੰ?

ਸਾਰੀ ਵਿਆਖਿਆ ''ਨਵੀਂ ਸਰਿਸ਼ਟ'' (*palingesia*) ਦੇ ਸ਼ਬਦ ਦੇ ਅਰਥ ਤੇ ਟਿਕੀ ਹੈ। ਇਸ ਮਿਲੇ ਜੁਲੇ ਸ਼ਬਦ ਵਿਚ ''ਫੇਰ'' (*palin*) ਅਤੇ ''ਪੀੜ੍ਹੀ'' ਜਾਂ ''ਮੂਲ'' (*genesis*) ਸ਼ਬਦਾਂ ਦਾ ਮੇਲ ਹੈ। ਯਹੂਦੀ ਲੇਖਕ *palingesia* ਦੀ ਵਰਤੋਂ ਕਈ ਸੰਦਰਭਾਂ ਵਿਚ ਕਰਦੇ ਸਨ। ਫਿਲੋ ਦੀਆਂ ਲਿਖਤਾਂ ਵਿਚ ਇਸ ਦਾ ਇਸ਼ਾਰਾ ਪਰਲੋ ਦੇ ਬਾਅਦ ਦੇ ਨਵੇਂ ਸੰਸਾਰ ਵੱਲ ਹੈ।[28] ਜੋਸੇਫਸ ਨੇ ਇਸ ਨੂੰ ਬਾਬੁਲ ਦੇ ਦੇਸ਼ ਨਿਕਾਲੇ ਤੋਂ ਇਸਰਾਏਲੀਆਂ ਦੇ ਵਾਪਸ ਆਉਣ ਦੇ ਬਾਅਦ ਲਈ ਵਰਤਿਆ ਹੈ।[29] ਨਵੇਂ ਨੇਮ ਵਿਚ *palingesia* ਸਿਰਫ਼ ਇਕ ਹੋਰ ਵਾਰ ਤੀਤੁਸ 3:5 ਵਿਚ ਮਿਲਦਾ ਹੈ ਜਿੱਥੇ ਇਸ ਦਾ ਅਰਥ ''ਨਵੇਂ ਜਨਮ ਦੇ ਇਸ਼ਨਾਨ *[*ਬਪਤਿਸਮਾ*]* ਅਤੇ ਪਵਿੱਤਰ ਆਤਮਾ'' ਦੇ ਨਵੇਂ ਬਣਾਉਣ

ਦੇ ਅਰਥ ਵਿਚ ਹੈ। ਇਹ ਵਰਤੋਂ ''ਜਲ ਅਰ ਆਤਮਾ ਤੋਂ'' ''ਨਵੇਂ ਸਿਰਿਓਂ'' ਜਨਮ ਲੈਣ ਦੀ ਯਿਸੂ ਦੀ ਸਿੱਖਿਆ ਨਾਲ ਮੇਲ ਖਾਂਦਾ ਹੈ (ਯੂਹੰਨਾ 3:3, 5)।

ਆਇਤ 28 ਦੀਆਂ ਦੋ ਸੰਭਾਵਤ ਵਿਆਖਿਆਵਾਂ ਮਿਲਦੀਆਂ ਹਨ।[30] ਪਹਿਲਾ ਵਿਚਾਰ ''ਨਵੀਂ ਸਰਿਸ਼ਟ'' ਮਸੀਹੀ ਯੁੱਗ ਜਾਂ ਕਲੀਸੀਆ/ਰਾਜ ਦੇ ਯੁੱਗ ਨਾਲ ਮਿਲਦਾ ਹੈ। ਆਖ਼ਰ ਸੁਰਗ ਵਿਚ ਉੱਪਰ ਉਠਾਏ ਜਾਣ ਵੇਲੇ ਯਿਸੂ ਨੂੰ ਪਿਤਾ ਦੇ ਸੱਜੇ ਹੱਥ ਗੱਦੀ ਉੱਤੇ ਬਿਠਾਇਆ ਗਿਆ ਸੀ (ਰਸੂਲਾਂ ਦੇ ਕੰਮ 2:29–36; 1 ਕੁਰਿੰਥੀਆਂ 15:23–28; ਕੁਲੁੱਸੀਆਂ 1:13; ਇਬਰਾਨੀਆਂ 1:13), ਜਿਵੇਂ ਕਿ ਆਇਤ 28 ਵਿਚ ਮਿਲਦਾ ਹੈ। ''ਨਵੀਂ ਸਰਿਸ਼ਟ'' ਤੋਂ ਭਾਵ ਮੌਜੂਦਾ ਯੁੱਗ ਲਈ ਹੀ ਹੋਵੇਗਾ, ਜਦ ਲੋਕ ਇੰਜੀਲ ਨੂੰ ਸੁਣ ਰਹੇ ਹਨ ਅਤੇ ਨਵੇਂ ਸਿਰਿਓਂ ਜਨਮ ਲੈ ਰਹੇ ਹਨ ਅਤੇ ਨਵੀਂ ਸਰਿਸ਼ਟ ਬਣਦੇ ਹਨ (ਤੀਤੁਸ 3:5)।[31] ਇਸ ਵਿਚਾਰ ਦੇ ਮੁਤਾਬਿਕ ਸਿੰਘਾਸਣਾਂ ਤੋਂ ਭਾਵ ਸ਼ਬਦੀ ਨਾ ਦੇ ਪ੍ਰਤੀਕ ਦੇ ਅਰਥ ਵਿਚ ਹੈ। ਆਪਣੀਆਂ ਸਿੱਖਿਆਵਾਂ ਅਤੇ ਅਗਵਾਈ ਦੇ ਰਾਹੀਂ ਰਸੂਲਾਂ ਨੂੰ ਮਨੁੱਖੀ ਇਤਿਹਾਸ ਦੇ ਆਖ਼ਰੀ ਯੁੱਗ ਤਕ ਕਲੀਸੀਆ ਲਈ ਅਗਵਾਈ ਅਤੇ ਹਦਾਇਤ ਦੇਣੀ ਸੀ। ਐਚ. ਲਿਓ ਬੋਲਸ ਨੇ ਲਿਖਿਆ ਹੈ, ''ਵਿਚਾਰ ਇਹ ਹੈ ਕਿ ਰਸੂਲ ਨਿਆਂ ਕਰਨ ਵਾਲੇ ਹਨ, ਜਿਵੇਂ ਆਪਣੇ ਜੀਉਂਦਿਆਂ ਉਹ ਧਰਤੀ ਉੱਤੇ ਰਹਿੰਦਿਆਂ ਨਿਯਮਾਂ ਅਤੇ ਵਿਹਾਰਾਂ ਨੂੰ ਚਲਾਉਂਦੇ ਸਨ ਅਤੇ ਹੁਣ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਆਪਣੇ ਲੇਖਾਂ ਦੇ ਰਾਹੀਂ ਉਹ ਕਲੀਸੀਆ ਦੇ ਲੋਕਾਂ ਨੂੰ ਚਲਾਉਂਦੇ ਹਨ।''[32]

ਦੂਜਾ ਵਿਚਾਰ ''ਨਵੀਂ ਸਰਿਸ਼ਟ'' ਸ਼ਬਦ ਨੂੰ ''ਸੁਰਗੀ ਸਥਿਤੀ ਜਾਂ ਆਉਣ ਵਾਲੇ ਯੁੱਗ'' ਨਾਲ ਮਿਲਾਉਂਦਾ ਹੈ। ਇਹ ਭਾਸ਼ਾ ਮੇਲ ਖਾਂਦੀਆਂ ਆਇਤਾਂ ਵਿਚ ਮਿਲਦੀ ਸੀ (ਮਰਕੁਸ 10:30; ਲੂਕਾ 18:30)। ਇਹ ਸਚ ਹੈ ਕਿ ਮਸੀਹ ਇਸ ਵਕਤ ਰਾਜ ਕਰ ਰਿਹਾ ਹੈ ਅਤੇ ਇਕ ਦਿਨ ਉਹ ਰਾਜ ਨੂੰ ਪਿਤਾ ਨੂੰ ਮੋੜਨ ਲਈ ਵਾਪਸ ਆਵੇਗਾ (1 ਕੁਰਿੰਥੀਆਂ 15:24), ਪਰ ਉਹ ਪਿਤਾ ਨਾਲ ਅਨਾਦੀ ਕਾਲ ਤਕ ਵੀ ਰਾਜ ਕਰੇਗਾ (ਪ੍ਰਕਾਸ਼ ਦੀ ਪੋਥੀ 22:3)। ਇਸ ਦਾ ਮਤਲਬ ਇਹ ਹੋਇਆ ਕਿ ''ਨਵੀਂ ਸਰਿਸ਼ਟ'' ਸ਼ਬਦ ਦਾ ਸੰਕੇਤ ''ਨਵੇਂ ਅਕਾਸ਼ ਅਤੇ ਨਵੀਂ ਧਰਤੀ'' ਵੱਲ ਹੈ, ਜਿਸ ਵਿਚ ਖ਼ੁਦਾ ''ਸਭ ਗੱਲਾਂ ਨਵੀਆਂ'' ਕਰ ਦਿੰਦਾ ਹੈ (ਪ੍ਰਕਾਸ਼ ਦੀ ਪੋਥੀ 21:1–5; ਵੇਖੋ ਯਸਾਯਾਹ 65:17; 66:22; ਰੋਮੀਆਂ 8:18–25; 2 ਪਤਰਸ 3:13)। ''ਇਸਰਾਏਲ ਦੀਆਂ ਬਾਰ੍ਹਾਂ ਗੋਤਾਂ'' ਸੁਰਗੀ ਖੇਤਰ ਦੇ ਉਨ੍ਹਾਂ ਸਭ ਬਚਾਏ ਹੋਇਆਂ ਨੂੰ ਕਿਹਾ ਗਿਆ ਹੈ ਜਿਸ ਉੱਤੇ ਬਾਰਾਂ ਰਸੂਲ ਰਾਜ ਕਰਦੇ ਹਨ (ਵੇਖੋ 1 ਕੁਰਿੰਥੀਆਂ 6:2, 3; 2 ਤਿਮੋਥਿਉਸ 2:12; ਪ੍ਰਕਾਸ਼ ਦੀ ਪੋਥੀ 3:21; 21:9–14)। ਉਹ ਜ਼ਰੂਰ ਹੀ ਇਕ ਹੋਰ ਸੰਦਰਭ ਵਿਚ ਰਸੂਲਾਂ ਨਾਲ ਇਹੀ ਗੱਲ ਕਰ ਰਹੇ ਸਨ, ਜਿੱਥੇ ਭਾਵੇਂ ਉਸ ਨੇ ''ਨਵੀਂ ਸਰਿਸ਼ਟ'' ਦੀ ਥਾਂ ''ਰਾਜ'' ਸ਼ਬਦ ਦੀ ਵਰਤੋਂ ਕੀਤੀ। ''ਅਤੇ ਤੁਸੀਂ ਉਹੋ ਹੀ ਹੋ ਜੋ ਮੇਰੇ ਪਰਤਾਵਿਆਂ ਵਿਚ ਸਦਾ ਮੇਰੇ ਨਾਲ ਰਹੇ। ਜਿਵੇਂ ਮੇਰੇ ਪਿਤਾ ਨੇ ਮੇਰੇ ਲਈ ਇਕ ਰਾਜ ਠਹਿਰਾਇਆ ਹੈ ਤਿਵੇਂ ਮੈਂ ਤੁਹਾਡੇ ਲਈ ਠਹਿਰਾਉਂਦਾ ਹਾਂ। ਤਾਂ ਜੋ ਤੁਸੀਂ ਮੇਰੇ ਰਾਜ ਵਿਚ ਮੇਰੀ ਮੇਜ਼ ਉੱਤੇ ਖਾਓ ਪੀਓ ਅਤੇ ਤੁਸੀਂ ਸਿੰਘਾਸਣਾਂ ਤੇ ਬੈਠ ਕੇ ਇਸਰਾਏਲ ਦੀਆਂ ਬਾਰਾਂ ਗੋਤਾਂ ਦਾ ਨਿਆਉਂ ਕਰੋਗੇ'' (ਲੂਕਾ 22:28–30)। ਸੰਦਰਭ ਤੇ ਨਿਰਭਰ ਕਰਦਾ ਹੈ ਕਿ ''ਰਾਜ'' ਸ਼ਬਦ ਦੀ ਵਰਤੋਂ ਮੌਜੂਦਾ ਹਕੀਕਤ (ਕਲੀਸੀਆ) ਲਈ ਹੁੰਦੀ ਹੈ ਜਾਂ ਭਵਿੱਖ ਦੀ ਉਮੀਦ (ਸੁਰਗ) ਲਈ। ਇਹ ਵਚਨ ਪੱਕੇ ਤੌਰ ਤੇ ਇਸ ਸਵਾਲ ਦਾ ਜਵਾਬ ਨਹੀਂ ਦਿੰਦਾ ਕਿ ਇਨ੍ਹਾਂ ਦੋਹਾਂ ਵਿਆਖਿਆਵਾਂ ਵਿੱਚੋਂ ਸਹੀ ਕਿਹੜੀ ਹੈ, ਭਾਵੇਂ ਰਾਜ ਵਿਚ ਖਾਣਾ ਪੀਣਾ ਭਵਿੱਖ ਦੇ ਸਮੇਂ ਦਾ ਸੰਕੇਤ ਲੱਗਦਾ ਹੈ। ਰਸੂਲਾਂ ਦੇ ਮਸੀਹ ਦੇ ਨਾਲ ਸੁਰਗ ਵਿਚ ਰਾਜ ਕਰਨ ਦਾ ਵਿਚਾਰ ਇਨਾਮ ਪਾਉਣ ਦੇ ਵਿਚਾਰ ਨਾਲੋਂ ਬਹੁਤਾ ਮੇਲ ਖਾਂਦਾ ਲਗਦਾ ਹੈ, ਜੋ ਇਸ ਆਇਤ ਵਿਚ ਮਿਲਦਾ ਹੈ। ਇਹ ਵੀ ਹੋ ਸਕਦਾ ਹੈ ਕਿ ਯਿਸੂ ਨੇ ਅਸਲ ਵਿਚ ਸੁਰਗੀ ਗੱਲਾਂ ਦੇ ਨਾਲ ਸੰਸਾਰਿਕ ਗੱਲਾਂ ਨੂੰ ਮਿਲਾ ਦਿੱਤਾ ਹੋਵੇ।

**ਆਇਤ 29.** ਯਿਸੂ ਨੇ ਅੱਗੇ ਆਖਿਆ, **''ਹਰ ਕੋਈ ਜਿਹ ਨੇ ਘਰਾਂ ਯਾ ਭਾਈਆਂ ਯਾ ਭੈਣਾਂ**

**ਯਾ ਪਿਉ ਯਾ ਮਾਂ ਯਾ ਬਾਲ ਬੱਚਿਆਂ ਯਾ ਜ਼ਮੀਨ ਨੂੰ ਮੇਰੇ ਨਾਮ ਦੇ ਕਾਰਣ ਛੱਡਿਆ ਹੈ ਉਹ ਸੌ ਗੁਣਾ ਪਾਵੇਗਾ ਅਤੇ ਸਦੀਪਕ ਜੀਉਣ ਦਾ ਵਾਰਸ ਹੋਵੇਗਾ।''** ਇਸਰਾਏਲ ਦੀਆਂ ਗੋਤਾਂ ਦਾ ਨਿਆਂ ਕਰਨ ਲਈ ਬਾਰਾਂ ਸਿੰਘਾਸਣਾਂ ਤੇ ਬੈਠਣ ਦਾ ਉਸ ਦਾ ਵਾਅਦਾ ਸਿਰਫ਼ ਰਸੂਲਾਂ ਵਾਸਤੇ ਹੀ ਹੈ। ਇਸ ਆਇਤ ਨਾਲ ਅਗਲੀ ਆਇਤ ਦਾ ਵਾਅਦਾ ''ਹਰ ਕੋਈ'' ਤੇ ਲਾਗੂ ਹੁੰਦਾ ਹੈ। ਯਿਸੂ ਦੇ ਮਗਰ ਚੱਲਣ ਵਾਲਿਆਂ ਨੂੰ ਆਮ ਤੌਰ ਤੇ ਪਰਿਵਾਰਿਕ ਰਿਸ਼ਤਿਆਂ, ਨੌਕਰੀਆਂ ਅਤੇ ਜਾਇਦਾਦ ਦੀ ਕੁਰਬਾਨੀ ਦੇਣੀ ਪੈਂਦੀ ਸੀ (4:22; 8:21, 22; 9:9)। ਪਹਿਲਾਂ ਯਿਸੂ ਨੇ ਦੱਸਿਆ ਸੀ ਕਿ ਉਹਦੇ ਚੇਲਿਆਂ ਲਈ ਆਪਣੀਆਂ ਜ਼ਿੰਦਗੀਆਂ ਵਿਚ ਉਸ ਨੂੰ ਪਹਿਲ ਦੇਣਾ ਜ਼ਰੂਰੀ ਹੈ, ਇੱਥੋਂ ਤਕ ਕਿ ਆਪਣੇ ਪਰਿਵਾਰ ਦੇ ਲੋਕਾਂ ਨਾਲੋਂ ਵੀ ਵੱਧ ਕੇ (10:37)। ਇੱਥੇ ਉਸ ਨੇ ਆਖਿਆ ਕਿ ਜਿਸ ਵੀ ਕਿਸੇ ਨੇ ''*[ਉਸ ਦੇ]* ਨਾਮ ਦੇ ਕਾਰਣ'' ਇਹ ਕੁਰਬਾਨੀਆਂ ਦਿੱਤੀਆਂ, ਉਨ੍ਹਾਂ ਨੂੰ ਵੱਡੇ ਇਨਾਮ ਦਿੱਤੇ ਜਾਣਗੇ। ਮਰਕੁਸ ਨੇ ਆਖਿਆ ਕਿ ਇਹ ਕੁਰਬਾਨੀਆਂ ''ਇੰਜੀਲ ਦੇ ਲਈ'' (ਮਰਕੁਸ 10:29) ਹੋ ਕੇ, ਜਦਕਿ ਲੂਕਾ ਨੇ ਕਿਹਾ ਕਿ ਇਹ ''ਪਰਮੇਸ਼ੁਰ ਦੇ ਰਾਜ ਦੇ ਕਾਰਣ'' ਕੀਤੀਆਂ ਜਾਣੀਆਂ ਸਨ (ਲੂਕਾ 18:29)।

ਯੂਨਾਨੀ ਲਿਖਤ ਵਿਚ ਮੂਲ ਵਿਚ ''ਸੌ ਗੁਣਾ'' (KJV) ਜਾਂ ''ਸੌ ਗੁਣਾਂ ਜਿਨ੍ਹਾਂ'' (NIV) ਹੈ। ਖੇਤੀਬਾੜੀ ਵਿਚ ਵਰਤੀ ਜਾਂਦੀ ਇਹ ਭਾਸ਼ਾ ਜ਼ਬਰਦਸਤ ਫ਼ਸਲ ਦਾ ਸੰਕੇਤ ਦਿੰਦੀ ਹੈ (13:8 ਤੇ ਟਿੱਪਣੀਆਂ ਵੇਖੋ)। ਮਸੀਹ ਦੇ ਕਹਿਣ ਦਾ ਮਤਲਬ ਜ਼ਰੂਰੀ ਨਹੀਂ ਹੈ ਕਿ ਇਹ ਹੋਵੇ ਕਿ ਉਸ ਦੇ ਚੇਲਿਆਂ ਨੂੰ ਜ਼ਿਆਦਾ ਦੁਨਿਆਵੀ ਬਰਕਤਾਂ ਮਿਲਣਗੀਆਂ। ਇਸ ਦੇ ਉਲਟ ਇਕ ਵਿਸ਼ਵਾਸੀ ਨੂੰ ਮਿਲਣ ਵਾਲੇ ਇਨਾਮ ਅਨੰਦ, ਭਰਪੂਰੀ ਅਤੇ ਹੋਰ ਸਬੰਧਾਂ ਦੇ ਰੂਪ ਵਿਚ ਮਿਲਦੇ ਹਨ। ਇਹ ਬਰਕਤਾਂ ਉਹਦੇ ਮਗਰ ਚੱਲਣ ਲਈ ਕੀਤੀ ਜਾਣ ਵਾਲੀ ਕਿਸੇ ਵੀ ਕੁਰਬਾਨੀ ਤੋਂ ਵੱਧ ਕੇ ਹੋਣਗੀਆਂ। ਸਾਨੂੰ ਬੇਸ਼ੱਕ ਯਿਸੂ ਦੇ ਸ਼ਬਦਾਂ ਦੀ ਸ਼ਬਦੀ ਵਿਆਖਿਆ ਕਰਨ ਬਾਰੇ ਚੌਕਸ ਰਹਿਣ ਦੀ ਲੋੜ ਹੈ, ਪਰ ਯਾਦ ਰੱਖੋ ਕਿ ਉਸ ਦੇ ਬੇਸ਼ੁਮਾਰ ਸੇਵਕਾਂ ਨੇ ਆਪਣੇ ਲਈ ਕਈ ਦਰਵਾਜ਼ੇ ਖੁੱਲ੍ਹੇ ਪਾਉਣ ਲਈ ਆਪਣੇ ਘਰ ਨੂੰ ਛੱਡ ਦਿੱਤਾ ਅਤੇ ਕਲੀਸੀਆ ਦੇ ਹੋਰ ਵੱਡੇ ਪਰਿਵਾਰ ਨੂੰ ਪਾਉਣ ਲਈ ਨਿੱਕੇ ਪਰਿਵਾਰ ਨੂੰ ਛੱਡ ਦਿੱਤਾ।[33] ਅਖ਼ੀਰ ਵਿਚ ਇਸ ਜ਼ਿੰਦਗੀ ਵਿਚ ਮਸੀਹ ਲਈ ਕੁਰਬਾਨੀ ਦੇਣ ਵਾਲਿਆਂ ਨੂੰ ਅਗਲੀ ਜ਼ਿੰਦਗੀ ਵਿਚ ਹਮੇਸ਼ਾ ਦੀ ਜ਼ਿੰਦਗੀ ਦੀ ਮੀਰਾਸ ਮਿਲੇਗੀ।

**ਆਇਤ 30.** ਯਿਸੂ ਨੇ ਆਪਣੀ ਵਿਆਖਿਆ ਇਹ ਆਖਦਿਆਂ ਪੂਰੀ ਕੀਤੀ, **''ਪਰ ਬਥੇਰੇ ਪਹਿਲੇ ਪਿਛਲੇ ਹੋਣਗੇ ਅਤੇ ਪਿਛਲੇ, ਪਹਿਲੇ''** (ਵੇਖੋ 20:16; ਲੂਕਾ 13:30; 22:24–27)। ਰਾਜ ਵਿਚ ਸਭ ਤੋਂ ਵੱਡਾ ਹੋਣ ਦੀ ਬਹਿਸ ਦੇ ਸਬੰਧ ਵਿਚ ਰਸੂਲਾਂ ਨਾਲ ਪ੍ਰਭੂ ਦੀ ਚਰਚਾ ਦੇ ਮਰਕੁਸ ਦੇ ਵਿਰਤਾਂਤ ਵਿਚ ਯਿਸੂ ਨੇ ਉਨ੍ਹਾਂ ਨੂੰ ਦੱਸਿਆ, ''ਜੇ ਕੋਈ ਪਹਿਲਾ ਹੋਣਾ ਚਾਹੇ ਤਾਂ ਉਹ ਸਭਨਾਂ ਤੋਂ ਪਿਛਲਾ ਅਤੇ ਸਭਨਾਂ ਦਾ ਟਹਿਲੂਆ ਬਣੇ'' (ਮਰਕੁਸ 9:33–35)। ਪਤਰਸ ਨੇ ਭਾਵੇਂ ਆਪਣੇ ਸ਼ੁਰੂਆਤੀ ਸਵਾਲ ਵਿਚ ਉਨ੍ਹਾਂ ਸਭਨਾਂ ਨੂੰ ਲਿਆ ਸੀ (19:27), ਪਰ ਯਿਸੂ ਨੇ ਜ਼ੋਰ ਦਿੱਤਾ ਕਿ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਦੂਜਿਆਂ ਨਾਲੋਂ ਉੱਚਾ ਅਹੁਦਾ ਜਾਂ ਰੁਤਬਾ ਨਹੀਂ ਮਿਲੇਗਾ। ਜਿਹੜੇ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਤਰਜੀਹ ਮਿਲੇ ਉਨ੍ਹਾਂ ਨੂੰ ਸ਼ਰਮਿੰਦਾ ਹੋਣਾ ਪੈਣਾ ਸੀ, ਅਤੇ ਜਿਹੜੇ ਨਹੀਂ ਚਾਹੁੰਦੇ ਸਨ ਉਨ੍ਹਾਂ ਨੇ ਉੱਚਾ ਕੀਤੇ ਜਾਣਾ ਸੀ।

~~~ **ਸਬਕ** ~~~

## **ਯਿਸੂ ਅਤੇ ਦੌਲਤਮੰਦ** (19:16-30)

ਇਹ ਮਾਨਤਾ ਕਿ ਯਿਸੂ ਦੌਲਤਮੰਦ ਲੋਕਾਂ ਦੇ ਖ਼ਿਲਾਫ਼ ਸੀ, ਗਲਤ ਹੈ। ਉਹ ਸਚਮੁਚ ਵਿਚ ਕਿਸੇ ਦਾ ਪੱਖਪਾਤ ਕਰਨ ਵਾਲਾ ਨਹੀਂ ਸੀ। ਉਸ ਦੇ ਚੇਲਿਆਂ ਵਿਚ ਜ਼ੱਕੀ, ਅਰਿਮਥਯਾਹ ਦਾ ਯੂਸੁਫ਼ ਅਤੇ
~~~

ਨੇਕੁਦੇਮੁਸ (ਲੂਕਾ 19:1–10; ਮੱਤੀ 27:57; ਯੂਹੰਨਾ 3:1, 2; 19:38, 39)। ਦੌਲਤਮੰਦਾਂ ਆਪਣੀ ਦੌਲਤ ਦੀ ਵਰਤੋਂ ਦੂਜਿਆਂ ਨੂੰ ਬਰਕਤ ਦੇਣ ਅਤੇ ਖ਼ੁਦਾ ਦੇ ਰਾਜ ਨੂੰ ਵਧਾਉਣ ਲਈ ਕਰਨ (1 ਤਿਮੋਥਿਉਸ 6:17–19); ਬੇਸ਼ੱਕ ਅਜਿਹਾ ਕਰਕੇ ਉਹ ਖ਼ੁਦਾ ਨੂੰ ਭਾ ਸਕਦੇ ਹਨ। ਉਸ ਜਵਾਨ ਹਾਕਮ ਦੀ ਮੁਸ਼ਕਿਲ ਪੈਸਾ ਨਹੀਂ ਸੀ ਬਲਕਿ ਪੈਸੇ ਨਾਲ ਉਸ ਦਾ ਪਿਆਰ ਸੀ (1 ਤਿਮੋਥਿਉਸ 6:10)। ਦੌਲਤਮੰਦ ਹੋਣ ਲਈ ਉਸ ਨੂੰ ਗਲਤ ਨਹੀਂ ਆਖਿਆ ਗਿਆ ਸੀ।

ਯਿਸੂ ਨੇ ਹਰ ਕਿਸੇ ਤੋਂ ਉਹੀ ਕੁਰਬਾਨੀ ਨਹੀਂ ਚਾਹੀ ਜਿਹੜੀ ਉਸ ਨੇ ਉਸ ਜੁਆਨ ਤੋਂ ਮੰਗੀ ਸੀ। ਉਸ ਨੇ ਇਹ ਹਦਾਇਤ ਇਸ ਕਰਕੇ ਦਿੱਤੀ ਕਿਉਂ ਜੋ ਉਸ ਨੂੰ ਪਤਾ ਸੀ ਕਿ ਉਸ ਆਦਮੀ ਦੀ ਦਿੱਕਤ ਕੀ ਸੀ। ਸਾਨੂੰ ਮਸੀਹ ਦੇ ਮਗਰ ਚੱਲਣ ਲਈ ਭਾਵੇਂ ਆਪਣਾ ਸਭ ਕੁਝ ਵੇਚਣ ਦੀ ਲੋੜ ਨਹੀਂ ਹੈ ਪਰ ਉਹਦੇ ਮਗਰ ਚੱਲਣ ਲਈ ਸਾਡਾ ਦੁਨੀਆਵੀ ਧਨ ਦੂਜੇ ਦਰਜੇ ਦਾ ਹੋਣਾ ਜ਼ਰੂਰੀ ਹੈ (ਫ਼ਿਲਿੱਪੀਆਂ 3:7–11)। ਜੇ ਦੁਨਿਆਵੀ ਦੌਲਤ ਸਾਡਾ ਰੱਬ ਬਣ ਜਾਵੇ ਤਾਂ ਇਕ ਸੱਚੇ ਖ਼ੁਦਾ ਲਈ ਥਾਂ ਨਹੀਂ ਰਹੇਗੀ (6:24)। ਅਸੀਂ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ।

---

ਟਿੱਪਣੀਆਂ

[1]ਫ਼ਿਲੋ *ਆਨ ਦ ਕ੍ਰਿਏਸ਼ਨ* 36. [2]ਡਾਇਓਜੀਨਸ ਲੇਰਟਿਉਸ *ਲਾਈਵਜ਼ ਆਫ਼ ਐਮੀਨੈਂਟ ਫ਼ਿਲਾਸਫ਼ਰਜ਼,* 8.7. [3]ਬਰੂਸ ਐਮ. ਮੈਜ਼ਗਰ, *ਏ ਟੈਕਸਚੁਅਲ ਕਮੈਂਟਰੀ ਆਨ ਦ ਗ੍ਰੀਕ ਨਿਊ ਟੈਸਟਾਮੈਂਟ,* ਜਿਲਦ 2ਜੀ (ਸਟੱਟਗਰਟ: ਜਰਮਨ ਬਾਈਬਲ ਸੋਸਾਇਟੀ, 1994), 39; ਵੇਖੋ **NKJV.** [4]ਜੇ. ਡਬਲਯੂ. ਮੈਕਗਰਵੇ, *ਦ ਨਿਊ ਟੈਸਟਾਮੈਂਟ ਕਮੈਂਟਰੀ,* ਅੰਕ 1, *ਮੈਥਿਊ ਐਂਡ ਮਾਰਕ* (ਪੰਨਾ ਰਹਿਤ, 1875; ਰੀਪ੍ਰਿੰਟ, ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲੀਸ਼ਿੰਗ ਕੰ., ਮਿਤੀ ਰਹਿਤ), 167. [5]ਟਾਲਮੁਡ *ਬੇਰਾਕੋਥ* 28ਬੀ। [6]ਮੈਜ਼ਗਰ, 39–40; ਵੇਖੋ **KJV; NKJV.** [7]ਜ਼ਬੂਰਾਂ ਦੀ ਪੋਥੀ ਵਿਚ ਬਾਰ–ਬਾਰ ਖ਼ੁਦਾ ਦੀ ਭਲਿਆਈ ਨੂੰ ਮਨਾਇਆ ਗਿਆ ਹੈ (ਜ਼ਬੂਰ 16:2; 25:8; 34:8; 86:5; 100:5; 106:1; 107:1; 118:1, 29; 135:3; 136:1; 145:9)। ਮਿਸ਼ਨਾਹ ਵਿਚ ਵੀ ਲੋਕਾਂ ਨੂੰ ਖ਼ੁਦਾ ਨੂੰ ਉਸ ਦੀ ਭਲਿਆਈ ਵਾਸਤੇ ਮੁਬਾਰਕ ਆਖਣ ਲਈ ਹੱਲਾਸ਼ੇਰੀ ਦਿੱਤੀ ਗਈ ਹੈ: ''ਮੁਬਾਰਕ ਹੈ ਉਹ, ਭਲਾ ਅਤੇ ਭਲਿਆਈ ਕਰਨ ਵਾਲਾ'' (ਮਿਸ਼ਨਾਹ *ਬੇਰਾਕੋਥ,* 9.2)। [8]ਡਗਲਸ ਆਰ. ਏ. ਹੇਅਰ, *ਮੈਥਿਊ,* ਇੰਟਰਪ੍ਰਿਟੇਸ਼ਨ (ਲੁਈਸਵਿੱਲੇ: ਜੌਨ ਨੌਕਸ ਪ੍ਰੈੱਸ, 1993), 225. [9]ਡੇਵਿਡ ਹਿੱਲ, *ਦ ਗੌਸਪਲ ਆਫ਼ ਮੈਥਿਊ,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1972), 283. [10]ਮੈਜ਼ਗਰ, 40; ਵੇਖੋ **KJV; NKJV.**

[11]ਡੋਨਲਡ ਏ. ਹੈਗਨਰ, *ਮੈਥਿਊ 14–28,* ਵਰਡ ਬਿਬਲੀਕਲ ਕਮੈਂਟਰੀ, ਜਿਲਦ 33ਅ (ਡਲਾਸ: ਵਰਡ ਬੁਕਸ, 1995), 558. [12]ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 2, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1976), 70–71. [13]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ੍ਰੈਡਰਿਕ ਡਬਲਯੂ. ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 572. ਬਾਉਰ ਨੇ ਪ੍ਰਾਚੀਨ ਸਾਹਿਤ ਤੋਂ ਦੋ ਸਮਾਨਤਾਵਾਂ ਲਿਖੀਆਂ ਹਨ: ਅਮੀਰ ਜੁਆਨ ਨੇ ਡਾਇਓਜੀਨਸ ਦੀ ਗੱਲ ਮੰਨੀ ਅਤੇ ਇਕ ਸਿਨੇਟਰ ਨੇ ਸਾਧ ਬਣਨ ਲਈ ਆਪਣੀ ਸਾਰੀ ਜਾਇਦਾਦ ਤਿਆਗ ਦਿੱਤੀ (ਡਾਇਓਜੀਨਸ *ਐਪੀਸਟਲਜ਼* 38.5; ਪੋਰਫ਼ਾਇਰੀ *ਲਾਈਫ਼ ਆਫ਼ ਪਲੋਟਿਨਸ* 7.) [14]ਦਿਲਚਸਪ ਗੱਲ ਹੈ ਕਿ ਆਪਣੀ ਸਾਰੀ ਦੌਲਤ ਤਿਆਗ ਦੇਣਾ ਰੱਬੀਆਂ ਦੀ ਸਿੱਖਿਆ ਦੇ ਖ਼ਿਲਾਫ਼ ਸੀ। ਟਾਲਮੁਡ ਦੀ ਇਕ ਆਇਤ ਵਿਚ ਪਾਠਕ ਨੂੰ ਆਪਣੀ ਜਾਇਦਾਦ ਦੇ ਪੰਜਵੇਂ ਹਿੱਸੇ ਤੋਂ ਵੱਧ ਖਰਚ ਨਾ ਕਰਨ ਦੀ ਸਿੱਖਿਆ ਹੈ (ਟਾਲਮੁਡ

*ਕੇਟੁਬੋਥ* 50ਏ।)। [15]ਹੇਅਰ, 227. [16]ਮੈਜ਼ਗਰ, 90; ਵੇਖੋ KJV; NKJV. [17]ਟਾਲਮੁਡ *ਬੇਰਾਕੋਥ* 55ਬੀ। [18]ਟਾਲਮੁਡ ਬਾਬਾ *ਮੇਜ਼ੀਆ* 38ਬੀ। [19]ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗਰਾਉਂਡਜ਼ ਕਮੈਂਟਰੀ, ਅੰਕ 1, *ਮੈਥਿਊ, ਮਾਰਕ, ਲੂਕ,* ਕਲਿੰਟਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 120 ਵਿਚ ਮਾਈਕਲ ਜੇ. ਵਿਲਕਿੰਸ, ''ਮੈਥਿਊ।'' [20]ਵਿਲੀਅਮ ਕਰਕ ਹੌਬਰਟ, ਮੈਡੀਕਲ ਲੈਂਗੁਏਜ ਆਫ਼ ਸੇਂਟ ਲੂਕ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1954), 61.

[21]ਮੈਜ਼ਗਰ, 40. ਮੈਜ਼ਗਰ ਨੇ ਦੱਸਿਆ ਕਿ ''ਦੋਹਾਂ ਯੂਨਾਨੀ ਸ਼ਬਦਾਂ ਨੂੰ ਇੱਕੋ ਤਰ੍ਹਾਂ ਨਾਲ ਬੋਲਿਆ ਜਾਂਦਾ ਸੀ।'' ਉਨ੍ਹਾਂ ਗ੍ਰੰਥੀਆਂ ਵੱਲੋਂ, ਖ਼ਾਸਕਰ ਜਿਹੜੇ ਕਿਸੇ ਫਾਟਕ ਤੋਂ ਸੁਣ ਰਹੇ ਹੋਣ, ਅਸਾਨੀ ਨਾਲ ਉਲਝਾਇਆ ਗਿਆ ਹੋਵੇਗਾ। [22]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੋਧਿਆ ਅੰਕ, ਸੰਪਾ. ਜਿਉਫਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1986), 3:510 ਵਿਚ ਜੌਨ ਜੇ. ਹਿਉਗਸ, ''ਨੀਡਲ।'' [23]ਇਹ ਮਾਨਤਾ ਸੀ ਕਿ ਖ਼ੁਦਾ ਦੇ ਮਗਰ ਚੱਲ ਕੇ ਜਿਹੜਾ ਕਿ ਹਰ ਤਰ੍ਹਾਂ ਦੀਆਂ ਬਰਕਤਾਂ ਦਾ ਦੇਣ ਵਾਲਾ ਹੈ, ਆਦਮੀ ਆਪਣੀ ਦੌਲਤ ਨੂੰ ਬਣਾਈ ਰੱਖ ਸਕਦਾ ਹੈ। (*ਲੈਟਰ ਆਫ਼ ਅਰਿਸਟਿਅਸ* 204, 205.) [24]ਹੇਅਰ, 228. [25]ਉਹੀ। [26]ਵੇਖੋ ਉਤਪਤ 18:14; ਅੱਯੂਬ 42:2; ਜ਼ਕਰਯਾਹ 8:6; ਮਰਕੁਸ 9:23; ਲੂਕਾ 1:37; 2 ਕੁਰਿੰਥੀਆਂ 9:8; ਫ਼ਿਲਿੱਪੀਆਂ 4:13. [27]ਡਬਲਯੂ. ਐਫ਼. ਅਲਬ੍ਰਾਈਟ ਐਂਡ ਸੀ. ਐਸ. ਮੱਨ, *ਮੈਥਿਊ,* ਦ ਐਂਕਰ ਬਾਈਬਲ (ਗਾਰਡਨ ਸਿਟੀ, ਨਿਊ ਯਾਰਕ: ਡਬਲਡੇ ਐਂਡ ਕੰ., 1971), 233. [28]ਫ਼ਿਲੋ *ਲਾਈਫ਼ ਆਫ਼ ਮੋਜ਼ਜ਼* 2.12. [29]ਜੋਸੇਫ਼ਸ *ਐਂਟੀਕੁਇਟੀਜ਼* 11.3.9. [30]ਕੁਝ ਲੋਕ ਇਸ ਆਇਤ ਨੂੰ ਹਜ਼ਾਰ ਵਰ੍ਹੇ ਦੇ ਰਾਜ ਦੀ ਆਪਣੀ ਸਿੱਖਿਆ ਨਾਲ ਮਿਲਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਧਰਤੀ ਉੱਤੇ ਮਸੀਹ ਦੇ ਹਜ਼ਾਰ ਵਰ੍ਹੇ ਦੇ ਰਾਜ ਦੀ ਉਨ੍ਹਾਂ ਦੀ ਧਾਰਣਾ ਲਿਖਤ ਨਾਲ ਛਲ ਕਰਨ ਦੇ ਅਧਾਰ ਤੇ ਹੈ।

[31]ਜੇਮਸ ਬਰਟਨ ਕਾਫ਼ਮੈਨ, *ਕਮੈਂਟਰੀ ਆਨ ਦ ਗੌਸਪਲ ਅਕਾਰਡਿੰਗ ਟੂ ਮੈਥਿਊ* (ਆਸਟਿਨ, ਟੈਕਸਸ: ਫ਼ਰਮ ਫ਼ਾਉਂਡੇਸ਼ਨ ਪਬਲੀਸ਼ਿੰਗ ਹਾਊਸ, 1968), 298–99. [32]ਐਚ. ਲਿਓ ਬੋਲਸ, *ਏ ਕਮੈਂਟਰੀ ਆਨ ਦ ਗੌਸਪਲ ਅਕਾਰਡਿੰਗ ਟੂ ਮੈਥਿਊ* (ਨੈਸ਼ਵਿੱਲੇ: ਗੌਸਪਲ ਐਡਵੋਕੇਟ ਕੰ., 1936), 396. [33]ਲੂਈਸ, *ਮੈਥਿਊ,* 73.